ਮਾਸਕ ੧੯ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥


# ਸੂਰਾ

ਅੰਮ੍ਰਿਤਸਰ

ਖ਼ੂਨੀ ਘੱਲੂਘਾਰੇ ਵਿਚ ਖੰਡਰ ਬਣੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦ੍ਰਿਸ਼

JULY 1991

ਜੁਲਾਈ ੧੯੯੧



ਜੋ ਅੱਜ ਪੰਥ ਨੂੰ ਜੁੜ ਬੈਠਣ ਅਤੇ ਇਸ ਦੀ ਸੇਵਾ ਪੂਰੀ ਕਰਨ ਲਈ ਪੁਕਾਰ ਰਿਹਾ ਹੈ।

www.AKJ.Org

# ਤ ਤ ਕ ਰਾ


| | | |
|---|---|---|
| ਖੰਡਾ ਪ੍ਰਿਥਮੇ ਸਾਜਿ ਕੈ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸੱਚੀ ਸੂਰਮਤਾਈ | ੪ | ,, ,, ,, |
| ਦ੍ਰਿਸਟਿ ਰੋਗ ਦਾ ਦਾਰੂ | ੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਹਰਿ ਕਾ ਸੰਤੁ ਸਤਿਗੁਰੁ ਸਤ ਪੁਰਖਾ | ੧੨ | ਧਨਾਸਰੀ ਮਹਲਾ ੪ |
| ਜਿਨ੍ਹਾਂ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ | ੧੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਮਨੁੱਖ ਸਾਕਾਹਾਰੀ ਜੀਵ | ੧੪ | ਅਜੀਤ, ਜਲੰਧਰ |
| ੧੭੦੯-੧੦ ਦਾ ਅਲੌਕਿਕ ਕ੍ਰਿਸ਼ਮਾ | ੧੫ | ਪ੍ਰੋਫੈਸਰ ਗੁਰਬਖਸ਼ ਸਿੰਘ ਜੀ |
| ਦਸਾਂ ਨਹੁੰਆਂ ਦੀ ਕਿਰਤ | ੨੦ | ਸ: ਸੰਗਤ ਸਿੰਘ ਜੀ ਹੀਰਾ |
| ਗੁਰੂ ਕੇ ਬਾਗ ਦਾ ਮੋਰਚਾ (ਕੁਝ ਨਵੇਂ ਨਰੋਏ ਤੱਥ) | ੨੨ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਖ਼ਾਲਸੇ ਦਾ ਉਚ ਆਚਰਨ | ੨੬ | ਗਿਆਨੀ ਦੀਦਾਰ ਸਿੰਘ ਜੀ |
| ਭਗਤਿ ਨਵੈ ਪਰਕਾਰਾ (੨) | ੩੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਿੱਖਾਂ ਨੂੰ ਚੜ੍ਹਦਾ ਕਲਾ ਵਿਚ ਰਖਣ ਦਾ ਰਾਜ਼ | ੩੩ | ਸ: ਜਸਵੰਤ ਸਿੰਘ ਜੀ 'ਅਜੀਤ' |
| ਭਾਈ ਪ੍ਰੇਮਾ ਕੋਹੜੀ | ੩੪ | ਗਿਆਨੀ ਹਰਿਬੰਸ ਸਿੰਘ ਜੀ |
| ਪੰਥ ਦੀ ਸਰਬ-ਸਾਂਝੀ ਕਮੇਟੀ ਦੀ ਲੋੜ | ੩੫ | ਸ: ਬਲਦੇਵ ਸਿੰਘ ਜੀ ਸਿਬੀਆ |
| ਹੁਕਮਿ ਰਜਾਈ ਚਲਣਾ (ਕਵਿਤਾ) | ੩੬ | ਸ: ਅਤਰ ਸਿੰਘ ਜੀ ਨੀਰ |
| ਗੁਰਸਿੱਖਾਂ ਲਈ ਕੁਝ ਜ਼ਰੂਰੀ ਨਿਯਮ | ੩੭ | ਮਾਨਵ ਸੇਵਾ ਟ੍ਰਸਟ |
| ਮਹੱਤਵ ਪੂਰਣ ਫੈਸਲੇ | ੩੯ | ਜਥੇਦਾਰ ਅ: ਕੀ: ਜ: |
| ਟੈਲੀਵੀਜ਼ਨ ਤੇ ਰੇਡੀਓ ਉਤੇ ਅਸ਼ਲੀਲ ਪਰਚਾਰ | ੪੧ | ਗੁਰਮਤਿ ਵਿਚਾਰ ਪਤ੍ਰਕਾ |


ਜੁਲਾਈ ਵਿਚ ਕੋਈ ਗੁਰਪੁਰਬ ਨਹੀਂ

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧ ਲੁਧਿਆਣਾ ਪ੍ਰੋ: ਜੋਗਾ ਸਿੰਘ ਜੀ, ੬੬-ਸਟਾਫ ਕਾਲੋਨੀ, ਗੁਰੂ ਨਾਨਕ ਇੰਜੀਨੀਰਿੰਗ ਕਾਲਜ

੨. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੩. ਜਲੰਧਰ ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ - ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ

੭. ਫ਼ਰੀਦਾਬਾਦ ਟਾਊਨ (ਹਰਿਆਣਾ) - ਭਾਈ ਬਲਵੰਤ ਸਿੰਘ ਜੀ, ੫-ਡੀ/੫੫, (੧੨੧੦੦੧)

੮. ਦਿੱਲੀ —ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੯. ਸਾਰੇ ਸਮਾਗਮਾਂ ਸਮੇਂ — ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 52206

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾਂ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ, ਅੰਮ੍ਰਿਤਸਰ-ਤੋਂ ੧-੭-੯੧ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੨੦ ੦੦ |
| ਇਕ ਪਰਚਾ | ੨ ੦੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੫-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੨੦੦—੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਜੁਲਾਈ ੧੯੯੧ ਅੰਕ ੭


# ਖੰਡਾ ਪ੍ਰਿਥਮੈ ਸਾਜਿ ਕੈ

ਭਗਉਤੀ ਅਤੇ ਖੰਡੇ ਵਿਚ ਕੋਈ ਫ਼ਰਕ ਨਹੀਂ ਹੈ। ਭਗਉਤੀ ਦਾ ਅਰਥ "ਪ੍ਰਿਥਮ ਭਗਉਤੀ ਸਿਮਰ ਕੈ" ਖੰਡੇ ਦਾ ਹੀ ਹੈ। ਸੱਚੇ ਪਾਤਸ਼ਾਹ ਨੇ ਭਗਉਤੀ ਰੂਪੀ ਖੰਡਾ ਸਾਜ ਕੇ ਹੀ ਦੈਂਤਾਂ ਦਾ ਨਾਸ ਕਰਾਇਆ।

> ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੰਸਾਰੁ ਉਪਾਇਆ ॥ ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥ ਸਿੰਧ ਪਰਬਤ ਮੇਦਨੀ ਬਿਨੁ ਥੰਮਾਂ ਗਗਨਿ ਰਹਾਇਆ ॥ ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥ ਤੈਂ ਹੀ ਦੁਰਗਾ ਸਾਜਿ ਕੈ ਦੈਂਤਾਂ ਦਾ ਨਾਸ ਕਰਾਇਆ ॥ ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਿਸਿਰੁ ਘਾਇਆ ॥ ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸ ਕੇਸੀ ਪਕੜਿ ਗਿਰਾਇਆ ॥ ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥ ਕਿਨੀ ਤੇਰਾ ਅੰਤੁ ਨ ਪਾਇਆ ॥੨॥ [ਚੰਡੀ ਦੀ ਵਾਰ, ਪਾ: ੧੦

ਗੁਰੂ ਦਸਮੇਸ਼ ਜੀ ਦਾ ਸਾਜਿਆ ਖੰਡਾ ਵਾਹਿਗੁਰੂ ਦਾ ਨਾਮ ਹੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਏਸੇ ਖੰਡੇ 'ਵਾਹਿਗੁਰੂ' ਨਾਮ ਨੂੰ ਧਿਆਇਆ–"ਪ੍ਰਿਥਮ ਭਗਉਤੀ ਸਿਮਰ ਕੈ ਗੁਰੂ ਨਾਨਕ ਲਈ ਧਿਆਇ" ॥ ਬਪੁੜੀ ਦੁਰਗਾ ਅਤੇ ਸ੍ਰੀ ਰਾਮ ਚੰਦਰ ਤੇ ਸ੍ਰੀ ਕ੍ਰਿਸ਼ਨ ਆਦਿਕਾਂ ਦੀ ਕੀ ਪ੍ਰੋਖੋਂ ਸੀ ਕਿ ਆਪੋਂ ਹੀ ਉਹ ਕੁਝ ਕਰ ਸਕਦੇ। ਇਹ ਗੁਰੂ ਦਸਮੇਸ਼ ਜੀ ਦੇ ਵਾਹਿਗੁਰੂ ਨਾਮ ਰੂਪੀ ਖੰਡੇ ਦਾ ਹੀ ਪ੍ਰਤਾਪ ਸੀ, ਜਿਸ ਨੇ ਸਭ ਕਲਾ ਵਰਤਾਈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਲੇਖ' ਵਿਚੋਂ




www.AKJ.Org

# ਸੱਚੀ ਸੂਰਮਤਾਈ

[ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਨਾਮ-ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ :–

ਜਾ ਕਉ ਹਰਿ ਰੰਗੁ ਲਾਗਉ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ...੧॥ (੨॥੪॥੩੫)

ਧਨਾਸਰੀ ਮ: ੫, ਪੰਨਾ ੬੮੦

ਸਪੱਸ਼ਟ ਭਾਵ ਹੈ ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫੀਨੀਸ਼ਨ ਕਿਆ ਸੁੰਦਰ ਦਸੀ ਕਿ ਸੱਚਾ ਸੂਰਮਾ ਸੱਚ ਮੁੱਚ ਉਹੀ ਹੈ ਜਿਸ ਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਾਪਤ ਹਨ। ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ, ਦੋਹੋਂ ਬਿਦੇਹ ਹੋ ਕੇ ਸੱਚੇ ਆਤਮ-ਰਸ-ਰੰਗ ਖਿੜਦੇ ਹਨ ਅਤੇ ਆਤਮ-ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ, ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ-ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ।

ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬੇਪਰਵਾਹ ਅਤੇ ਬੇਮੁਹਤਾਜ ਹੋ ਕੇ ਜਗਤ-ਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਆਪਣੇ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇਮੁਤਾਜੀ, ਸੱਚੀ ਕੁਰਬਾਨੀ, ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚਾ ਗੁਰ-ਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ।

ਤਾਂ ਤੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ-ਰੱਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦੀ ਹੈ। ਆਤਮ-ਰੰਗਾਂ ਵਿਚ ਵਾਹਿਗੁਰੂ ਦੀ ਸਿਫ਼ਤ ਸਲਾਹ ਕਰਨਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮ-ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ! ਇਸ ਬਿਧਿ ਪਰਵੇਸ਼ ਹੋਈ ਆਤਮ-ਕਣੀ ਜਿਸ ਜਨ ਅੰਦਰ ਮੌਜੂਦ ਹੈ, ਉਸ ਦੇ ਆਤਮ-ਰੰਗ-ਰੱਤੜੇ-ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਿਟ ਆ ਸਕਦੀ ਹੈ।

ਗੁਰੂ ਘਰ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵਸਥਾ ਨੂੰ ਅਪੜਾ ਸਕਦਾ ਹੈ। ਇਸ ਸਹਿਜ ਅਵਸਥਾ ਵਿਚ ਲੀਨ ਹਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਸੱਚੇ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ-ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ।

ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥੧॥ [ਧਨਾਸਰੀ ਮ: ੫, ਪੰਨਾ ੬੮੦

ਮਈ ਗੁਰ-ਸੱਚੀ-ਵਾਕ-ਪੰਗਤੀ ਨੇ ਸਪੱਸ਼ਟ ਹੀ ਫ਼ੈਸਲਾ ਕਰ ਦਿਤਾ ਕਿ ਸਤਿਗੁਰ ਪੂਰੇ ਦੀ ਗੁਰ-ਦੀਖਿਆ ਜਿਸ ਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ।

ਇਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ 'ਗੁਰ ਪੂਰੇ ਵਾਲੀ'' ਸੱਚੀ ਘਟਨਾਂ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰੂ ਨਾਨਕ ਸਾਹਿਬ ਦੇ ਦਸੇ ਗੁਰ ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਫ਼ੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ-ਪਿਚ ਪੂਰੇ ਸੂਰੇ ਦੇਹਧਾਰੀ ਗੁਰੂਆਂ ਦਾ ਸਿਲਸਿਲਾ ਉੱਕਾ ਹੀ ਮੁਕ ਚੁਕਾ ਹੈ। ਸਤਿਗੁਰ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰ ਨਾਨਕ ਸੱਚਾ ਪਾਤਸ਼ਾਹ ਰੰਗ ਰਤੜੇ ਗੁਰਮੁਖ ਜਨਾਂ ਦੇ ਰੰਗ ਰਤੜੇ ਘਟਾਂ ਅੰਦਰ



www.AKJ.Org

ਹਰ ਦਮ ਮੌਜੂਦ ਹੈ ਅਤੇ ਜਿਹੋ ਜਿਹੀ ਸ਼ਰਧਾ ਕਰਿ ਗੁਰ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ ਤਿਥੇ ਹੀ ਗੁਰ ਨਾਨਕ ਸੱਚਾ ਪਾਤਸ਼ਾਹ, ਪੂਰਾ ਗੁਰੁ ਨਾਨਕ ਸਾਹਿਬ, ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦੇਂਦਾ ਹੈ। ਤਾਂ ਤੇ ਪੂਰੇ ਅਪੂਰੇ ਕੱਚ-ਖਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ, 'ਸਤਿਗੁਰ ਬਾਝਹੁ ਗੁਰੁ ਨਹੀ ਕੋਈ''* ਨਿਰਸੰਦੇਹ ਹੈ ਹੀ ਨਹੀਂ।

ਤਾਂ ਤੇ ਗੁਰੂ ਘਰ, ਗੁਰੂ ਸਾਹਿਬ ਸੱਚੇ ਸਤਿਗੁਰੂ ਦੇ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ। ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰ ਨਾਨਕ ਦੇਵ ਹਰ ਦਮ ਹਾਜ਼ਰ ਨਾਜ਼ਰ ਹੈ ਉਸ ਨੂੰ ਕਿਸੇ ਵੀ ਗੱਲ ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ :—

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥੨੨॥

ਗਉੜੀ ਸੁਖਮਨੀ ਮ: ੫, ਪੰਨਾ ੨੯੩

ਇਸ ਬਿਧਿ ਸੱਚੇ ਸਤਿਗੁਰੂ ਨੂੰ ਜੋ ਰੰਗ-ਰਤੜਾ ਗੁਰਮੁਖ ਜਨ ਹਰ ਦਮ ਹਿਰਦੇ ਵਿਚ ਵਸਾਈ ਰੱਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤਿ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ ਜਿਸ ਨੂੰ ਸੱਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤਿ ਪ੍ਰਾਪਤ ਹੋਵੇ।

ਸੱਚੇ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਘਰ ਅੰਦਰ ਹੀ ਉਪਜਣਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ। ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤੋ ਵਾਲੀ ਸੱਚੀ ਸਪਿਰਿਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁਧਾਂ ਵਿਚ ਨਿਰਭੈ ਅਤੇ ਬੇਪਰਵਾਹ ਹੋ ਕੇ ਆਤਮ ਰੰਗਾਂ ਵਿਚ ਜੂਝਣਗੇ। ਸੱਚੀ ਸੂਰਮਤਾਈ, ਸੂਰਬੀਰਤਾ ਤਿਨ੍ਹਾਂ ਦੇ ਹੀ ਵਿਰਸੇ ਵਿਚ ਸਦੀਵ ਲਈ ਮਖ਼ਸੂਸ ਰਹੇਗੀ ਅਤੇ ਮਖ਼ਸੂਸ ਹੁੰਦੀ ਚਲੀ ਆਉਂਦੀ ਹੈ।

ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ ਜੋ ਆਤਮ-ਰੰਗਾਂ ਵਿਚ ਰੰਗ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰਤਲੱਥ ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ-ਜੀਵਨ-ਰੰਗ ਦੇ ਚਲੂਲੇ ਰੰਗ ਕੇਵਲ ਸੱਚੀ ਗੁਰ-ਭਗਤੀ ਦੇ ਆਸਰੇ ਹੀ ਗੁਰਮੁਖ ਰੰਗ-ਰੱਤੜੀਆਂ-ਰੂੜ੍ਹੀਆਂ ਰੂਹਾਂ ਅੰਦਰ ਪਰਵੇਸ਼ ਹੋ ਸਕਦੇ ਹਨ ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥੧੧॥

ਸਲੋਕ ਮ: ੩, ਵਾਰ ਸਿਰੀਰਾਗ, ਪੰਨਾ ੮੬

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ ਅਤੇ ਬੀਜ ਨਾਸ ਕੀਤਾ ਹੈ। ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਅੰਦਰ ਸੱਚੀ ਗਰੀਬੀ (ਨਿੰਮ੍ਰਤਾ) ਆਉਂਦੀ ਹੈ। ਜਿਸ ਦੇ ਅੰਦਰ ਇਹ ਨਿੰਮ੍ਰਤਾ ਨਹੀਂ ਆਈ ਅਤੇ ਜਿਸ ਦੇ ਅੰਦਰੋਂ ਹਉਮੈ ਦਾ ਬਿਨਾਸ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦੀ। ਯਥਾ :—

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥ (੯) [ਮਾਰੂ ਵਾਰ ਮ: ੩, ਪੰਨਾ ੧੦੮੯

ਬਲਕਿ ਸੱਚਾ ਸੂਰਮਾ ਉਹ ਹੈ ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ—

ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ.. ੨॥ (੪॥੧੫॥੨੬)

[ਰਾਮਕਲੀ ਮ: ੫, ਪੰਨਾ ੮੯੦-੯੧

ਇਸ ਗੁਰਵਾਕ ਦੇ ਭਾਵ ਅਨੁਸਾਰ ਸੱਚੀ ਬੀਰਤਾ ਵਾਲਾ ਸੂਰਮਾ ਸੋਈ ਹੈ ਜਿਸ ਦੇ ਅੰਤਰ-ਆਤਮੇ ਸੱਚੀ

*ਆਸਾ ਮ: ੩ ਪੱਟੀ ॥੧੩॥, ਪੰਨਾ ੪੩੫



www.AKJ.Org

ਧੀਰਜ ਰੂਪੀ ਸ਼ਾਂਤਮਈ ਆਉਂਦੀ ਹੈ। ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ। ਗੁਰਮਤਿ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿਚ ਲਿਵਲੀਨ ਹੋ ਜਾਂਦਾ ਹੈ। ਜਿਸ ਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਣਾ ਸੋਧਣਾ ਹੈ। ਜਿਸ ਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸ ਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ।

ਜਿਸ ਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ (ਸੱਚੀ ਸੂਰਮਤਾ) ਆ ਵੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ ਸੱਚੇ ਸਹਿਜ ਰੰਗਾਂ ਵਿਚ ਲੀਨ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਇ ਬਾਝੋਂ, ਸੱਚੀ ਸੂਰਮਤਾ ਕਿਥੇ ? ਸੱਚੇ ਸੂਰਮੇ ਉਹ ਹਨ ਜੋ ਆਪਾ ਖ਼ੋਇ ਕੇ, ਆਪਾ ਬਿਗੋਇ ਕੇ, ਇਸ ਲੋਕ ਅੰਦਰ ਅਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ :—

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥੩॥ (੪॥੨)

ਵਡਹੰਸੁ ਮ: ੧, ਪੰਨਾ ੫੮੦

ਸੱਚਾ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇ ਕੇ ਹੀ ਸੱਚੀ ਦੀਨਤਾ (ਗਰੀਬੀ) ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗਰੀਬ ਹੋਇ ਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ :—

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ [ਰਾਗ ਮਾਰੂ, ਸਲੋਕ ਕਬੀਰ, ਪੰਨਾ ੧੧੦੫

ਆਪਾ-ਪ੍ਰਸਤ ਆਦਮੀ, ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ ਅਤੇ ਇਸ ਮਰਨ ਤੋਂ ਬਚਣ ਲਈ ਬਿਰਥਾ ਹੀ ਆਪਣੇ ਆਪ ਨੂੰ ਲੁਕਾਉਂਦਾ ਫਿਰਦਾ ਹੈ, ਉਸ ਨੇ ਪਰਉਪਕਾਰ ਦੀ ਖ਼ਾਤਰ ਕੀ ਮਰਨਾ ਹੋਇਆ ? ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ, ਉਹ ਰਣਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ :—

ਸੂਰੁ ਕਿ ਸਨਮੁਖ ਰਨ ਤੇ ਡਰਪੈ ..॥੧॥ (੨॥੨॥੧੭) ਗਉੜੀ ਕਬੀਰ ਜੀ, ਪੰਨਾ ੩੩੮

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ-ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਦੇ ਪ੍ਰਤਾਪ ਸੇਤੀ ਆਪਣਾ ਆਪ ਉੱਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹ ਰਣ-ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਨ ਹੋ ਕੇ ਉਸ ਨੂੰ ਸੱਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ—

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ...੧॥ (੫॥੧੮) ਸਿਰੀਰਾਗੁ ਮ: ੧, ਪੰਨਾ ੨੦

ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ, ਗੁਰ-ਦਵਾਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ-ਤਾਣ ਪ੍ਰਾਪਤ ਹੀ ਰਹਿੰਦਾ ਹੈ। ਪਰਉਪਕਾਰ ਦੀ ਖ਼ਾਤਰ ਉਸ ਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ।

ਤਾਂ ਤੇ ਸਿਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ), ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਇਹ ਸੱਚੜਾ ਆਤਮ ਚਲੂਲੀ ਰੰਗ ਜਿਸ ਗੁਰਮੁਖ ਜਨ ਨੂੰ ਹਰ ਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸੱਚੜੀ ਸੂਰਬੀਰਤਾ ਦੇ ਰੰਗਾਂ ਵਿਚ ਰੱਤਿਆ ਮੱਤਿਆ ਜਾਣੋ। ਇਹ ਸੱਚੜ,



www.AKJ.Org

ਰੰਗ ਚੜ੍ਹਦੀਆਂ ਕਲਾਂ ਵਾਲਾ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂੰ ਬਾਹਰ ਹਰਗਿੰਜ਼ ਨਹੀਂ। ਸੱਚੀ ਸੂਰਮਤਾਈ ਭੀ ਇਨ੍ਹਾਂ ਹੀ ਸੱਚੜੇ ਗੁਰਮਤਿ ਰੰਗਾਂ ਤੋਂ ਚੜ੍ਹਦੀ ਕਲਾ ਵਿਖੇ ਆਉਂਦੀ ਹੈ। ਸੱਚੀ ਨਿੰਮ੍ਰਤਾ, ਸੱਚੜੀ ਸ਼ਾਂਤਮਈ ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ। ਅਤੇ ਇਨ੍ਹਾਂ ਆਪਾ ਅਭਾਵ ਹੋਏ ਸੱਚੇ ਨਿਮਰੀਭੂਤ-ਰਿਦ-ਸ਼ਾਂਤੀ ਆਂ ਨੂੰ ਹੀ ਗੁਰੂ ਦੁਆਰਿਓਂ ਸੱਚੜੀ ਸੂਰਮਤਾਈ ਦੀ ਦਾਤਿ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟੇ ਹਟੇ ਬਿਨ੍ਹਾਂ ਨਾ ਹੀ ਸੱਚੜੀ ਸ਼ਾਂਤਮਈ ਦੀ ਦਾਤਿ-ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸੱਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (੫੬੦)

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦਵਾਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ, ਤਦ ਤਾਈਂ ਇਸ ਦੀ ਘਾਲ ਕਮਾਈ, ਭਾਵ ਭਗਤੀ-ਮਈ-ਸੇਵਾ ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ—

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥੯॥ [ਵਡਹੰਸੁ ਮ: ੩, ਪੰਨਾ ੫੬੦

ਲੋਕੀ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ ਨਾ ਹੋਣੀ ਹੈ। ਜਿਥੇ ਹੋਈ ਹੈ ਉਥੇ ਹਉਮੈ ਦਾ ਉੱਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਣ ਦਾ ਹੀ ਹੈ। ਉਹ ਸ਼ਖਸ ਉੱਕੇ ਹੀ ਕੁੜਾਵੇ ਹਨ ਜੋ ਇਸ ਸੱਚੜੀ ਲਿਵਲੀਨਤਾ ਬਿਨਾਂ ਹੀ ਸ਼ਾਂਤ-ਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀ ਹਨੇਰੇ ਵਿਚ ਅੱਕੀਂ ਪਲਾਹੀਂ ਹੱਥ ਮਾਰਦੇ ਫਿਰਦੇ ਹਨ; ਉਨ੍ਹਾਂ ਨੂੰ ਲੱਭਦਾ ਲੁੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸ਼ਰਨੀ ਆਇਆਂ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ।

ਤਾਂ ਤੇ ਜਿਸ-ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ, ਉਹ ਸਗਲ ਹਉਮੈ ਤਿਆਗ ਕੇ ਸੱਚੇ ਸਤਿਗੁਰੂ ਗੁਰੂ ਨਾਨਕ ਦੀ ਸ਼ਰਨੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸੱਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸ ਨੂੰ ਸੱਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ, ਐਵੇਂ ਨਹੀਂ।

["ਗੁਰਮਤਿ ਵਿਚਾਰ" ਪੁਸਤਕ ਵਿਚੋਂ"

---

# ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਚੰਦਾ ਖਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁੰਜਣੇ ਜ਼ਰੂਰੀ ਹਨ।

੫. ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਕਿਸੇ ਜ਼ਾਤੀ ਨਾਂ ਤੇ ਨਾ ਭੇਜੋ।

੬. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/– ਰੁਪਏ ਅਤੇ ਵਡੀਆਂ ਰਕਮਾਂ ਲਈ 20/– ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।



www.AKJ.Org

# ਦ੍ਰਿਸਟਿ ਰੋਗ ਦਾ ਦਾਰੂ

[ਪ੍ਰਿੰਸੀਪਲ ਸੱਜਣ ਸਿੰਘ ਜੀ, 61S-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਵਾਹਿਗੁਰੂ ਨਾਲ ਦ੍ਵੈ ਤੋਂ ਇਕ ਰੂਪ ਹੋਏ ਤਪੱਸ੍ਵੀ ਨੇ ਕੰਨਾਂ ਨਾਲ ਸੁਣ ਕੇ ਨਹੀਂ, ਬਲਕਿ ਸਨਮੁਖ ਦੀਦਾਰ ਕਰਕੇ ਹੀ ਅਕਾਲ ਪੁਰਖ ਨੂੰ ਜੋਤੀ ਸਰੂਪ ਆਖਿਆ ਹੈ। ਇਹ ਪ੍ਰਕਾਸ਼ ਸ੍ਵੈ-ਸੁਤੇ ਤੇ ਸਦੀਵੀ ਹੈ, ਜਿਸ ਵਿਚ ਵਾਧ ਘਾਟ ਹੋਣ ਜਾਂ ਵਾਧ ਘਾਟ ਕਰਨ ਦੀ ਕੋਈ ਗੁੰਜਾਇਸ਼ ਨਹੀਂ। ਸੂਰਜ ਤੇ ਚੰਦ ਦੀ ਰੋਸ਼ਨੀ ਕੇਵਲ ਸਥੂਲ ਪਦਾਰਥਾਂ ਦੀ ਬਾਹਰਲੀ ਸਤਹ ਤਕ ਮਹਿਦੂਦ ਹੈ, ਪਰ ਦੈਵੀ ਪ੍ਰਕਾਸ਼ ਦੀਆਂ ਰਿਸ਼ਮਾਂ ਹਿਰਦੇ ਦੀਆਂ ਅੰਤ੍ਰੀਵ, ਡੂੰਘੀਆਂ ਤਹਿਆਂ ਨੂੰ ਛੁਹ ਕੇ ਉਜਾਲਾ ਪਰਦਾਨ ਕਰਦੀਆਂ ਹਨ। ਇਹ ਰੂਹਾਨੀ ਕਿਰਨਾਂ ਮਿੱਠੀ ਠੰਢਕ, ਵਿਗਾਸ, ਤਸਕੀਨ ਤੇ ਸੰਤੁਲਨ ਅਵਸਥਾ ਦੇਣ ਵਾਲੀਆਂ ਹਨ।

ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥੫੦॥

(ਭੈਰਉ ਮਹਲਾ ੫—੧੧੫੦)

ਸ਼ਬਦਾਰਥ ਅਨੁਸਾਰ, ਰੂਪ ਵਾਲੀਆਂ ਚੀਜ਼ਾਂ ਦਾ ਜੋ ਮਾਲਕ ਹੈ, ਉਹ ਆਪ ਪ੍ਰਕਾਸ਼ ਰੂਪ ਹੈ, ਉਸ ਦਾ ਕੋਈ ਮਾਦੀ ਸਰੂਪ ਨਹੀਂ। ਇਸ ਜੋਤਿ ਦਾ ਅੰਸ਼ ਭਾਵੇਂ ਸਭ ਜੀਵ ਜੰਤੂਆਂ, ਪਸ਼ੂਆਂ ਤੇ ਪੰਖੀਆਂ ਵਿਚ ਹੈ, ਪਰ ਮਨੁੱਖੀ ਸਰੀਰ ਵਿਚ ਵਿਸ਼ੇਸ਼ ਤੌਰ ਤੇ ਅਧਿਕ ਤੇ ਸਪੱਸ਼ਟ ਹੈ, ਜਿਸ ਕਰਕੇ ਇਸ ਕਾਇਆਂ ਨੂੰ ਦੇਵਤਿਆਂ ਦੀ ਸਥਿਤੀ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ। ਹਜ਼ੂਰ ਦਾ ਫੁਰਮਾਨ ਹੈ :—

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੩॥੩॥

(ਧਨਾਸਰੀ ਮ: ੧, ਸੋਹਿਲਾ, ਪੰਨਾ ੧੩)

ਸਾਰਾ ਸੰਸਾਰ ਉਸ ਦੇ ਨੂਰ ਤੋਂ ਪ੍ਰਕਾਸ਼ਮਾਨ ਹੈ। ਹਰ ਇਕ ਆਦਮੀ ਇਸ ਇਕ ਜੋਤਿ ਨੂੰ ਤੱਕਣ ਦੇ ਯੋਗ ਨਹੀਂ, ਇਹ ਦ੍ਰਿਸ਼ਟੀ ਗੁਰ ਸਾਖੀ ਦੁਆਰਾ ਹੀ ਪ੍ਰਤੱਖ ਹੁੰਦੀ ਹੈ।

ਸਰੀਰ ਦੀ ਸੁੰਦਰਤਾ, ਕੰਚਨ-ਵੰਨਾ ਰੰਗ, ਆਕਰਖਣ ਸ਼ਕਤੀ, ਵਿਵੇਕ ਬੁੱਧੀ, ਰੌਸ਼ਨ ਜ਼ਮੀਰ, ਇਨ੍ਹਾਂ ਸਭਨਾਂ ਦਾ ਸੋਮਾ ਇਕੋ ਇਲਾਹੀ ਜੋਤਿ ਹੈ,ਇਹ ਸਰਬ ਵਿਆਪਕ ਹੈ ਅਤੇ ਕੋਈ ਅਸਥਾਨ ਜੋਤਿ ਤੋਂ ਭਿੰਨ ਨਹੀਂ ਹੈ:

ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥੧॥੨॥

(ਰਾਮਕਲੀ ਮਹਲਾ ੧—੮੭੬)

ਨੇਤਰਾਂ ਦੀ ਦੇਖਣ ਦੀ ਸ਼ਕਤੀ ਜੋਤਿ ਦੇ ਪ੍ਰਕਾਸ਼ ਦਾ ਪ੍ਰਤੱਖ ਪ੍ਰਮਾਣ ਹੈ। ਇਸ ਜੋਤਿ ਦੀ ਅਣਹੋਂਦ ਕਰਕੇ ਮਨੁੱਖ ਨੇਤ੍ਰ-ਹੀਨ ਅਖਵਾਉਂਦਾ ਹੈ। ਇਸ ਦੀ ਘਾਟ ਅੱਖਾਂ ਦੀ ਦ੍ਰਿਸ਼ਟੀ ਵਿਚ ਵਿਘਨ ਪਾਉਂਦੀ ਹੈ। ਸਤਿਗੁਰੂ ਅਮਰਦਾਸ ਜੀ ਨੇ ਅਰੋਗ ਨੇਤਰਾਂ ਦੇ ਕਰਤੱਵ ਨੂੰ ਇਨ੍ਹਾਂ ਸ਼ਬਦਾਂ ਵਿਚ ਉਚਾਰਿਆ ਹੈ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥<br>
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥<br>
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥<br>
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥<br>
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

(ਰਾਮਕਲੀ ਮ: ੩ ਅਨੰਦੁ, ਪੰਨਾ ੯੨੨)

ਸਰੀਰਕ ਅੱਖ, ਜਿਸ ਦਾ ਗੁਣ *eye-sight* (ਨਜ਼ਰ) ਹੈ, ਕੇਵਲ ਭੌਤਿਕ ਪਦਾਰਥ ਦਾ ਗਿਆਨ ਦਿੰਦੀ ਹੈ। ਮਨ ਦੇ ਘੇਰੇ ਨਾਲ ਸੰਬੰਧਤ ਇਕ ਹੋਰ ਨਜ਼ਰ ਹੈ *Insight*, ਜਿਸ ਦਾ ਭਾਵ ਹੈ ਸੂਝ-ਬੂਝ ਜਾਂ ਅੰਤਰ-ਦ੍ਰਿਸ਼ਟੀ। ਇਨ੍ਹਾਂ ਤੋਂ ਉੱਚੀ ਸਥਿਤੀ ਹੈ ਦਿਬ ਦ੍ਰਿਸ਼ਟਿ ਜਾਂ ਦਿਵਯ ਦ੍ਰਿਸ਼ਟਿ ਦੀ। ਇਹ ਉਤਮ ਪੁਰਖਾਂ ਦੀ



www.AKJ.Org

ਅਲੌਕਿਕ ਦ੍ਰਿਸ਼ਟੀ ਵਾਸਤਵ ਵਿਚ ਵਿਵੇਕ ਦੀ ਨਜ਼ਰ ਹੈ, ਗਿਆਨ ਦੀ ਨਜ਼ਰ ਹੈ। ਜਿਹੜੀ ਸੂਖਮ ਵਸਤੂ ਅਗਿਆਨੀ ਦੀ ਅੱਖ ਨਹੀਂ ਦੇਖ ਸਕਦੀ, ਉਹ ਗਿਆਨੀ ਦੀ ਦਿਬਦ੍ਰਿਸ਼ਟੀ ਸਹਜੇ ਹੀ ਤੱਕ ਸਕਦੀ ਹੈ। ਹੇਠ ਲਿਖਿਆ ਗੁਰਵਾਕ ਵੀ ਇਸ ਦ੍ਰਿਸ਼ਟੀ ਦੇ ਭੇਦ ਨੂੰ ਪ੍ਰਗਟਾਉਂਦਾ ਹੈ—

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੩॥੧੬॥(ਡਖਣੇ ਮ: ੫–੧੦੯੯-੧੧੦੦

ਸੰਸਾਰੀਆਂ ਦੀਆਂ ਅੱਖੀਆਂ ਸੰਸਾਰ ਤੋਂ ਪਰੇ ਨਹੀਂ ਜਾਂਦੀਆਂ, ਉਹ ਅੱਖਾਂ ਹੋਰ ਹਨ, ਜਿਹੜੀਆਂ ਪਿਤਾ ਕ੍ਰਿਪਾਲੂ ਦਾ ਦਰਸ਼ਨ ਕਰਦੀਆਂ ਹਨ।

ਕਾਮਲ ਵੈਦ ਨੇ ਦੈਵੀ ਜੋਤਿ ਤੋਂ ਸੱਖਣੇ ਰੋਗੀਆਂ ਲਈ ਨੇਤਰਾਂ ਦੇ ਰੋਗ ਤੇ ਇਲਾਜ ਬਾਰੇ ਕਈ ਉਪਾਉ ਗੁਰਬਾਣੀ ਦੇ ਰੂਪ ਵਿਚ ਬਖਸ਼ੇ ਹਨ, ਜਿਨ੍ਹਾਂ ਦਾ ਗਿਆਨ ਤੇ ਅਮਲ ਦੋਨੋਂ ਹੀ ਆਤਮਕ ਪਾਂਧੀ ਦੇ ਰਾਹ ਨੂੰ ਸੁਖਾਵਾਂ ਬਣਾਉਂਦੇ ਹਨ। ਅੱਖਾਂ ਦੀ ਦੁਰਮਤਿ ਮੈਲ ਦਾ ਇਲਾਜ ਤਾਂ ਪਵਿੱਤਰ ਵਿਚਾਰ, ਨੇਕ ਕਰਮ ਤੇ ਪ੍ਰਭੂ ਉਸਤਤਿ ਵਿਚ ਹੈ, ਪਰ ਸੁੱਚੇ ਵਿਚਾਰਾਂ ਨੂੰ ਹਿਰਦੇ ਵਿਚ ਥਾਂ ਦੇਣੀ ਤਾਂ ਆਪਣੇ ਵੱਸ ਦੀ ਗੱਲ ਨਹੀਂ। ਹਜ਼ੂਰ ਨੇ ਇਸ ਰੋਗ ਦਾ ਇਲਾਜ ਇਨ੍ਹਾਂ ਪਾਵਨ ਸ਼ਬਦਾਂ ਰਾਹੀਂ ਦੱਸਿਆ ਹੈ :—

ਤੀਰਥ ਅਠਸਠਿ ਮਜਨੁ ਨਾਈ ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ਰਹਾਉ॥......
ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥
ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥
(ਮਲਾਰ ਮ: ੪, ਪੰਨਾ ੧੨੬੩)

ਅੱਖਾਂ ਦਾ ਇਕ ਮਹਾਨ ਦੋਸ਼ ਪੱਖਪਾਤੀ ਹੋਣਾ ਹੈ। ਦਸ਼ਾ ਦੇ ਬਦਲਣ ਨਾਲ ਦ੍ਰਿਸ਼ਟੀ ਦਾ ਬਦਲ ਜਾਣਾ ਇਸ ਦੋਸ਼ ਦੀ ਖਾਸ ਪਹਿਚਾਨ ਹੈ। ਕਿਸੇ ਨੂੰ ਪੁੱਛਣ ਦੀ ਲੋੜ ਨਹੀਂ, ਆਪਣੀ ਬਗਲ ਵਿਚ ਝਾਕ ਕੇ ਤੱਕਦਿਆਂ ਹੀ ਅਸਲੀਅਤ ਸਹੀ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਸਾਡੀਆਂ ਅੱਖਾਂ ਜਿਸ ਪਵਿੱਤਰ ਹਿਰਦੇ ਨਾਲ ਆਪਣੀਆਂ ਧੀਆਂ ਭੈਣਾਂ ਨੂੰ ਤੱਕਦੀਆਂ ਹਨ, ਉਸ ਤਰ੍ਹਾਂ ਬੇਗਾਨੀਆਂ ਧੀਆਂ ਭੈਣਾਂ ਨੂੰ, ਨਹੀਂ ਤੱਕਦੀਆਂ। ਪਰਾਈ ਇਸਤ੍ਰੀ ਨੂੰ ਗੰਦੇ ਵਿਚਾਰਾਂ ਸਹਿਤ ਤੱਕਣ ਨੂੰ ਪਰ-ਦ੍ਰਿਸ਼ਟਿ ਵਿਕਾਰ ਬਖਾਨਿਆ ਹੈ। ਦਾਤਾਰ ਦਾ ਫ਼ੁਰਮਾਨ ਹੈ:—

ਦ੍ਰਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥੭॥ (ਪੰਨਾ ੧੫੩)

ਜਿਥੇ ਵਿਕਾਰੀ ਨਜ਼ਰ ਹੈ, ਉਥੇ ਪ੍ਰਭੂ ਦਾ ਡਰ ਤੇ ਪ੍ਰੇਮ ਕਾਹਦਾ ? ਜੀਵ ਦੀ ਹੰਗਤਾ ਦਾ ਨਾਸ਼ ਹੋਵੇ ਤਾਂ ਦੈਵੀ ਗੁਣਾਂ ਦਾ ਪ੍ਰਕਾਸ਼ ਹੁੰਦਾ ਤੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੇ ਫ਼ੁਰਮਾਨ ਅਨੁਸਾਰ ਪਰ-ਤ੍ਰਿਅ ਰੂਪ ਤੱਕਣਾ ਅੱਖਾਂ ਦਾ ਸੂਤਕ ਹੈ, ਬਿਸੀਅਰ ਦਾ ਸੰਗ ਹੈ। ਇਹ ਦੀਰਘ ਰੋਗ ਹੈ ਜਜ਼ਬਾਤੀ, ਜਿਸ ਦੀ ਨਵਿਰਤੀ ਲਈ ਫੋਕਟ ਗਿਆਨ-ਚਰਚਾ, ਉਪਦੇਸ਼ ਕਈ ਵਾਰ ਕਾਰਗਰ ਸਿੱਧ ਨਹੀਂ ਹੁੰਦਾ।

ਨੈਨ-ਨੰਦਨੀ ਮਾਇਆ ਦੇ ਦ੍ਰਿਸ਼ ਤੱਕ ਤੱਕ ਕੇ ਅੱਖਾਂ ਵਿਚ ਦੂਰ ਦੀ ਦ੍ਰਿਸ਼ਟੀ ਦਾ ਰੋਗ ਉਤਪੰਨ ਹੋਣਾ ਸੁਭਾਵਕ ਹੈ। ਰੋਗੀ ਦਾ, ਭਵਿੱਖ ਵਿਚ ਹੋਣ ਵਾਲੇ ਸਿੱਟਿਆਂ ਤੋਂ ਗ਼ਾਫ਼ਲ ਹੋ ਕੇ ਵਰਤਮਾਨ ਦੇ ਸੁੱਖਾਂ ਵਿਚ ਗਲਤਾਨ ਰਹਿਣਾ, ਇਸ ਰੋਗ ਦਾ ਲੱਛਣ ਹੈ। ਕੀੜੀ ਕਿੰਨੀ ਦੂਰਅੰਦੇਸ਼ ਹੈ, ਜਿਹੜੀ ਆਉਣ ਵਾਲੇ ਸਮੇਂ ਦੀਆਂ ਲੋੜਾਂ ਨੂੰ ਅਨੁਭਵ ਕਰ ਕੇ ਆਪਣੇ ਰਾਸ਼ਨ ਦਾ ਖਜ਼ਾਨਾ ਭਰਨਾ ਤਾਂ ਜਾਣਦੀ ਹੈ, ਪਰ ਮਾਇਆ-ਨਾਗਣੀ ਦੇ ਡੰਨੇ ਮਾਨੁੱਖ ਨੂੰ ਏਨੀ ਵੀ ਸੂਝ ਬੂਝ ਨਹੀਂ ਕਿ ਇਸ ਲੋਕ ਤੋਂ ਵੀ ਅੱਗੇ ਕੋਈ ਪਰਲੋਕ ਹੈ, ਜਾਂ ਜਿਹੜਾ ਉਸ ਨੇ ਬੀਜ ਬੀਜਿਆ ਹੈ, ਉਸ ਦਾ ਫਲ ਵੀ ਭੁਗਤਣਾ ਹੈ। ਉਸ ਦੀ ਜੀਵਨ-ਜੁਗਤੀ "ਇਹ ਜੱਗ ਮਿੱਠਾ ਅਗਲਾ ਕਿਨ੍ਹ ਡਿੱਠਾ" ਦੇ ਸਿਧਾਂਤ ਤੇ ਆਧਾਰਤ ਹੈ ਤੇ ਦੂਰ ਦੀ ਗੱਲ ਨਹੀਂ ਸੋਚਦਾ। ਗੁਰੂ ਨਾਨਕ ਦੇਵ



www.AKJ.Org

ਜੀ ਨੇ ਦੂਰ-ਅੰਦੇਸ਼ੀ ਨਾਲ ਵੇਖਣ ਦਾ ਉਪਦੇਸ਼ ਦਿੱਤਾ ਹੈ, ਤਾਕਿ ਉਹ ਬੁਰੀ ਘਾਲ ਘਾਲਣ ਤੋਂ ਸਾਵਧਾਨ ਰਹੇ, ਜਿਸ ਦਾ ਫਲ ਉਸ ਨੇ ਅਵੱਸ਼ ਭੁਗਤਣਾ ਹੈ—

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥੨੧॥ ਪਉੜੀ ॥ (ਆਸਾ ਦੀ ਵਾਰ—ਪੰਨਾ ੪੭੪)

ਲੋੜ ਤੋਂ ਵੱਧ ਸੌਣਾ, ਅਨਮੋਲ ਸਮਾਂ ਗਵਾਉਣਾ ਹੈ। ਬੇਪਰਵਾਹੀ ਦੈਵੀ ਗੁਣ ਹੈ, ਜੀਵਨ ਦੇ ਕਿਸੇ ਸਤਹ ਤੇ ਵੀ ਲਾਪਰਵਾਹੀ ਤੋਂ ਸੰਕੋਚ ਕਰਨਾ ਗੁਰਮੁਖਾਂ ਦਾ ਕੰਮ ਹੈ। ਜਿਹੜੇ ਬੇਫ਼ਿਕਰੀ ਦੀ ਨੀਂਦ ਮਾਣਦੇ ਹਨ, ਉਨ੍ਹਾਂ ਦਾ ਘਾਟਾ ਆਸਾਨੀ ਨਾਲ ਪੂਰਾ ਨਹੀਂ ਹੁੰਦਾ। ਬਾਬਾ ਫਰੀਦ ਜੀ ਆਪਣੇ ਸਲੋਕ ਦੁਆਰਾ ਫੁਰਮਾਉਂਦੇ ਹਨ—

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥
ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥ (ਪੰਨਾ ੧੩੭੯)

ਅਰਥਾਤ, ਜਾਗਦਿਆਂ ਨੂੰ ਨਾਮ-ਸੁਗੰਧੀ ਕਸਤੂਰੀ ਨਸੀਬ ਹੋਣੀ ਸੀ, ਉਹ ਤਾਂ ਬੇਫ਼ਿਕਰੀ ਦੀ ਨੀਂਦਰ ਦੁਆਰਾ ਖੁੱਸ ਗਈ, ਪੱਲੇ ਰਹਿ ਗਈ ਹਿੰਙ ਦੀ ਬਦਬੋ।

ਹੰਕਾਰ ਵਿਚ ਸੁੱਤੇ ਹੋਏ ਜੋਗੀ, ਗ੍ਰਿਹੀ, ਪੰਡਿਤ, ਭੇਖਧਾਰੀਆਂ ਦਾ ਉਦਾਹਰਨ ਦੇ ਕੇ ਦਾਤਾਰ ਪਿਤਾ ਜੀ ਗਿਆਨ ਦਾ ਸੁਰਮਾ ਪਾਉਣ ਦਾ ਆਦੇਸ਼ ਦਿੰਦੇ ਹਨ—

ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥
(ਭੈਰਉ ਮ: ੩, ਪੰਨਾ ੧੧੨੮)

ਇਸ ਦੇ ਇਲਾਵਾ ਜੀਵ ਦੀ ਸਦਾਚਾਰਕ ਗਿਰਾਵਟ, ਮਾਨਸਿਕ ਗੜਬੜੀ ਤੇ ਰੂਹਾਨੀ ਅਸਮ੍ਰਥਾ ਨੇ ਉਸ ਦੀ ਦ੍ਰਿਸ਼ਟੀ ਵਿਚ ਕਈ ਪੇਚੀਦਾ ਰੋਗਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਵਿਚ ਅਚੇਤਨਤਾ, ਅਗਿਆਨਤਾ ਦੀ ਧੁੰਦ, ਅੰਧਰਾਤਾ ਦੇ ਨਾਮ-ਰੰਗ ਦੀ ਬੇਇਲਮੀ ਆਦਿ ਕਈ ਰੋਗ ਸ਼ਾਮਲ ਹਨ।

ਕੂਰ ਦ੍ਰਿਸ਼ਟੀ ਐਸੀ ਚੁੱਭਵੀਂ ਬਦਨਜ਼ਰ ਹੈ, ਜਿਹੜੀ ਆਪਣੀ ਵਿੱਤ ਅਨੁਸਾਰ ਹਾਨੀ ਤੇ ਬਰਬਾਦੀ ਕਰ ਕੇ ਰਹਿੰਦੀ ਹੈ। ਇਸ ਦੀ ਹਸਤੀ ਨੂੰ ਗੁਰਮਤਿ ਨੇ 'ਚਾਖੁ' ਦੇ ਰੂਪ ਵਿਚ ਪਰਵਾਨ ਕੀਤਾ ਹੈ ਤੇ ਇਸ ਦੇ ਭੈੜੇ ਪ੍ਰਭਾਵ ਤੋਂ ਬਚਣ ਦਾ ਵਾਹਦ ਇਲਾਜ ਨਾਮ-ਸਿਮਰਨ ਹੈ। ਹਜ਼ੂਰ ਦਾ ਫੁਰਮਾਨ ਹੈ—

ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥੨॥੪੯॥
(ਚਾਖੁ—ਬੁਰੀ ਨਜ਼ਰ) ਭੈਰਉ ਮ: ੫, ਪੰਨਾ ੧੧੫੦)

ਇਕ ਵਿਦਵਾਨ ਦੀਆਂ ਨਜ਼ਰਾਂ ਵਿਚ *An evil eye can see no good,* ਅਰਥਾਤ, ਇਕ ਭੈੜੀ ਅੱਖ ਚੰਗਿਆਈ ਦੇਖ ਨਹੀਂ ਸਕਦੀ, ਦੀ ਪੁਸ਼ਟੀ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ :—

ਆਪਿ ਭਲਾ ਸਭੁ ਜਗੁ ਭਲਾ, ਭਲਾ ਭਲਾ ਸਭਨਾ ਕਰਿ ਦੇਖੈ ॥
ਆਪਿ ਬੁਰਾ ਸਭੁ ਜਗੁ ਬੁਰਾ, ਸਭ ਕੋ ਬੁਰਾ ਬੁਰੇ ਦੇ ਲੇਖੈ ॥ (੩੧/੪)

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾ ਕੋ ਹਿੰਦੂ ਨ ਮੁਸਲਮਾਨ' ਦਾ ਨਾਅਰਾ ਲਗਾਇਆ ਸੀ ਤਾਂ ਇਸ ਦਾ ਭਾਵ ਅਲੱਗ ਅਲੱਗ ਧਰਮਾਂ ਦੀ ਹਸਤੀ ਤੋਂ ਮੁਨਕਰ ਹੋਣਾ ਨਹੀਂ ਸੀ, ਬਲਕਿ ਉਨ੍ਹਾਂ ਦੇ ਮੁਬਾਰਕ ਨੇਤਰਾਂ ਵਿਚ ਹਿੰਦੂਆਂ, ਮੁਸਲਮਾਨਾਂ ਵਿਚ ਵੱਸਦੀ ਇਕੋ ਇਲਾਹੀ ਜੋਤਿ ਨੂੰ ਆਪਣੇ ਮੂਲ ਰੂਪ ਵਿਚ ਤੱਕਣ ਦੀ ਅਨੂਪਮ ਖ਼ੂਬੀ ਸੀ। ਇਸ ਖ਼ੂਬੀ ਦਾ ਅਧਿਕਾਰੀ ਆਪਣੇ ਜਤਨਾਂ ਨਾਲ ਨਹੀਂ ਬਣ ਸਕੀਦਾ।

ਜਿਨ੍ਹਾਂ ਅੱਖਾਂ ਵਿਚ ਜ਼ੁਲਮ, ਅਨਿਆਂ, ਈਰਖਾ ਤੇ ਪਾਪ ਨਾਲ ਰੰਗਿਆ ਖ਼ੂਨ ਗਰਦਸ਼ ਕਰਦਾ ਹੈ, ਉਹ


www.AKJ.Org

ਜ਼ਮੀਨ ਜ਼ਮਾਨ ਕੇ ਬਿਖੇ ਸਰਬ-ਵਿਆਪਕ ਜੋਤਿ ਤੱਕਣ ਤੋਂ ਸਦਾ ਮਹਿਰੂਮ ਰਹਿੰਦੀਆਂ ਹਨ। ਇਨ੍ਹਾਂ ਨੂੰ ਸਿੱਖ, ਈਸਾਈ, ਹਿੰਦੂ ਤੇ ਮੁਸਲਮਾਨ ਨਜ਼ਰ ਆਉਂਦਾ ਹੈ; ਪਰ ਅਫ਼ਸੋਸ ! ਇਨਸਾਨ ਨਜ਼ਰ ਨਹੀਂ ਆਉਂਦਾ। ਇਨਸਾਨ ਦਾ ਨਜ਼ਰ ਆਉਣਾ, ਇਨਸਾਨ ਵਿਚ ਵੱਸਦਾ ਭਗਵਾਨ ਨਜ਼ਰ ਆਉਣਾ ਹੈ। ਜਦ ਤੱਕ ਘਟ ਘਟ ਵਿਚ ਰਮਿਆ ਰਾਮ ਅਨੁਭਵ ਨਹੀਂ ਹੁੰਦਾ, ਇਨਸਾਨੀਅਤ ਦੀ ਏਕਤਾ ਹਿਰਦੇ ਵਿਚ ਨਹੀਂ ਵੱਸੇਗੀ ਤੇ ਇਨਸਾਨ ਦੀ ਜ਼ਾਤ ਦਾ ਵਿਤਕਰਾ ਉਸੇ ਤਰ੍ਹਾਂ ਕਾਇਮ ਰਹੇਗਾ। ਭਗਤ ਕਬੀਰ ਜੀ ਰੋਗੀ ਦ੍ਰਿਸ਼ਟੀ ਦਾ ਵਿਤਕਰਾ ਦੂਰ ਕਰਨ ਲਈ ਇਕ ਖਾਸ ਕਿਸਮ ਦੀ ਐਨਕ ਲਾਉਣ ਦਾ ਸੁਝਾਉ ਦਿੰਦੇ ਹਨ—

ਅਸਮਾਨ ਮ੍ਯ੍ਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
ਕਰਿ ਫਕਰੁ ਦਾਇਮ ਲਾਇ ਚਸ਼ਮੇ ਜਹ ਤਹਾ ਮਉਜੂਦੁ ॥੩॥ (ਪੰਨਾ ੭੨੭)

ਸ਼ਬਦਾਰਥ ਅਨੁਸਾਰ 'ਅਸਮਾਨ, ਗਗਨ ਜਾਂ ਦਸਮ ਦੁਆਰ ਵਿਚ ਹਰੀ ਰੂਪੀ ਦਰਿਆ ਵਗਦਾ ਹੈ, ਉਸ ਵਿਚ ਤੁਸੀਂ ਇਸ਼ਨਾਨ ਕਰਨਾ ਸੀ। ਹਮੇਸ਼ਾ ਫਕੀਰੀ ਦੀ ਰਹਿਤ ਰਹਿਣਾ, ਇਹ ਐਨਕਾਂ ਲਾ ਕੇ ਦੇਖੋ ਤਾਂ ਜਿਥੇ ਕਿਥੇ ਸਭ ਜਗ੍ਹਾ ਹਰੀ ਹਾਜ਼ਰ ਨਾਜ਼ਰ ਹੈ।' ਇਹ ਨੁਸਖ਼ਾ ਜੇ ਕਠਨ ਹੈ ਤਾਂ ਭਰੋਸੇ ਯੋਗ ਭੀ ਹੈ। ਨਾਮ-ਸਿਮਰਨ ਅਭਿਆਸੀ ਦਾ ਮੁਰਾਤਬਾ ਉਸ ਉਚਾਈ ਤੇ ਪਹੁੰਚਿਆ ਹੁੰਦਾ ਹੈ ਜਿੱਥੇ ਸੰਸਾਰਕ ਖਿੱਚ ਪੋਹ ਨਹੀਂ ਸਕਦੀ ਤੇ ਨਿਰਮਲ ਦ੍ਰਿਸ਼ਟੀ ਵਿਚ ਵਿਤਕਰੇ ਦੀ ਮੈਲ ਆਪਣਾ ਅਸਰ ਨਹੀਂ ਪਾ ਸਕਦੀ। ਸਤਿਗੁਰੂ ਅਰਜਨ ਦੇਵ ਜੀ ਵਡਭਾਗੇ ਗੁਰਮੁਖ ਦੀ ਅਵਸਥਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ—

ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥੬॥੨੪॥(ਸੁਖਮਨੀ ਸਾਹਿਬ ੨੯੬)

ਸਤਿਗੁਰ ਨਾਨਕ ਦੇਵ ਜੀ ਮਹਾਰਾਜ ਨੇ, ਭੁੱਲਿਆਂ ਭਟਕਿਆਂ ਨੂੰ, ਅਗਿਆਨੀਆਂ ਤੇ ਸ਼ੈਤਾਨਾਂ ਨੂੰ ਜੇ ਯੁਕਤੀ ਨਾਲ ਸਮਝਾਇਆ ਹੈ ਤਾਂ ਅੰਮ੍ਰਿਤ ਮਈ ਨੇਤਰਾਂ ਦੀ ਵੱਰਖਾ ਨਾਲ ਵੀ ਨਵਾਂ ਜੀਵਨ ਦਿੱਤਾ ਹੈ। ਅਤਿਅੰਤ ਮਲੀਨ ਬੁਧੀ ਵਾਲੇ ਕੌਡੇ ਰਾਕਸ਼ ਤੇ ਸੱਜਣ ਠੱਗ ਨਿਸ਼-ਪ੍ਰਭਾਵੀ ਸਨ, ਅਰਥਾਤ, ਉਨ੍ਹਾਂ ਉੱਤੇ ਦਲੀਲ ਜਾਂ ਫ਼ਰਿਆਦ ਬੇ-ਅਸਰ ਸੀ। ਕਈ ਬੇਗੁਨਾਹ ਮਾਸੂਮ ਜਿੰਦੜੀਆਂ ਵਾਸਤੇ ਪਾਉਂਦੀਆਂ, ਤਰਲੇ ਕੱਢਦੀਆਂ ਕੋਹੀਆਂ ਹੋਣਗੀਆਂ, ਫਿਰ ਵੀ ਇਨ੍ਹਾਂ ਦੀ ਪੱਥਰ-ਦਿਲ-ਆਤਮਾ ਦ੍ਰਵੀ ਨਹੀਂ। ਹਜ਼ੂਰ ਨੇ ਆਪਣੀ ਆਤਮਕ ਸ਼ਕਤੀ ਤੇ ਅੰਮ੍ਰਿਤ ਮਈ ਨੇਤਰਾਂ ਨਾਲ ਇਨ੍ਹਾਂ ਦੋਹਾਂ ਅਤੇ ਇਨ੍ਹਾਂ ਵਰਗੇ ਅਨੇਕਾਂ ਦੁਸ਼ਟਾਂ ਦੀ ਕਾਇਆਂ ਹੀ ਪਲਟ ਦਿੱਤੀ, ਹੈਵਾਨਾਂ ਨੂੰ ਦੇਵਤਿਆਂ ਵਿਚ ਬਦਲ ਦਿੱਤਾ। ਭੱਟਾਂ ਨੇ ਸਤਿਗੁਰੂ-ਜੋਤਿ ਦੀ ਅਮਿਅ ਦ੍ਰਿਸ਼ਟੀ ਦੀ ਉਸਤਤਿ ਬਾਰ-ਬਾਰ ਕੀਤੀ ਹੈ। ਵੰਨਗੀ ਲਈ ਭੱਟ ਟਲ ਸ੍ਰੀ ਗੁਰੂ ਅੰਗਦ ਦੇਵ ਜੀ ਬਾਰੇ ਫ਼ੁਰਮਾਉਂਦੇ ਹਨ—

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥
ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥੧੦॥ (ਪੰਨਾ ੧੩੯੨)

ਆਦਿ ਨਿਰੰਜਨੀ ਜੋਤਿ ਨੇ, ਇਨਸਾਨਾਂ ਦੀ ਬਿਰਤੀ ਬਦਲਣ ਦੇ ਇਲਾਵਾ ਜਦ ਰੀਠੇ ਦੇ ਬ੍ਰਿਛ ਤੇ ਨਦਰਿ-ਕਰਮ ਨਾਲ ਤੱਕਿਆ ਤਾਂ ਕੌੜੇ ਰੀਠੇ ਆਪਣੀ ਕੁਦਰਤਣ ਦੇ ਸੁਭਾਉ ਨੂੰ ਤਿਆਗ ਕੇ ਮਿੱਠੇ ਅਮਰ ਪਦਾਰਥ ਵਿਚ ਬਦਲ ਗਏ। ਸੁੱਕੇ ਖੇਤ ਦਾ ਹਰਾ ਹੋਣਾ, ਕਿੱਕਰ ਦੇ ਦਰੱਖਤ ਤੋਂ ਜਲੇਬੀਆਂ ਦਾ ਝੜਨਾ, ਅੱਕ ਦਾ ਮਿੱਠਾ ਹੋਣਾ, ਸੁੱਕੇ ਬਾਗ ਦਾ ਹਰਾ ਹੋਣਾ, ਆਦਿ ਅਨੇਕ ਘਟਨਾਵਾਂ ਹਨ ਜਿਹੜੀਆਂ ਨਾਮ-ਰੱਤੇ ਨੇਤਰਾਂ ਦੀ ਅਗੰਮੀ ਸ਼ਕਤੀ ਨੂੰ ਪ੍ਰਤੱਖ ਦਿਖਾਉਂਦੀਆਂ ਹਨ।

ਦਸਮੇਸ਼ ਪਿਤਾ ਦੇ ਨਾਮ-ਰਤੇ, ਰਸ-ਭਿੰਨੜੇ, ਮਤਵਾਲੇ ਨੇਤਰਾਂ ਵਿਚ ਕਮਾਲ ਦੀ ਆਕਰਖਣ ਸ਼ਕਤੀ ਸੀ। ਕਿਸੇ ਦੀ ਕੀ ਮਜਾਲ ! ਕਿ ਉਹ ਟਿਕਟਿਕੀ ਲਾ ਕੇ ਨੂਰਾਨੀ ਜੋਤਿ ਨੂੰ ਤੱਕਣ ਦਾ ਹੀਆ ਕਰ ਸਕੇ। ਸੁੰਦਰ ਚਮਕਦੇ ਕੇਸਾਂ ਦੀ, ਨਵਰੰਗ ਦਮਕਦੇ ਮੁਖੜੇ ਦੀ, ਅੰਮ੍ਰਿਤ-ਮਈ ਨੁਹਾਰ ਦੀ—ਇਨ੍ਹਾਂ ਸਭਨਾਂ ਦੀ ਨਿਰਮਲ ਸੁੰਦਰਤਾ ਪਾਪਾਂ ਨੂੰ ਦਗਧ ਕਰ ਕੇ, ਊਂਧੇ, ਸੁੱਕੇ, ਕੁਮਲਾਏ ਹਿਰਦੇ-ਕਮਲ ਵਿਚ ਖੇੜੇ ਦੇ ਛਿੱਟੇ ਬਰਸਾਂਦੀ ਸੀ।



www.AKJ.Org

ਆਪ ਦੀ ਜਾਦੂ ਭਰੀ ਤੱਕਣੀ ਨੇ ਮੁਰਦੇ ਦਿਲਾਂ ਵਿਚ ਨਵੀਂ ਰੂਹ ਫੂਕ ਦਿੱਤੀ, ਕਾਇਰਾਂ ਨੂੰ ਬੇਧੜਕ, ਸੂਰਮੇ, ਬੇਅਣਖੀਆਂ ਨੂੰ ਅਣਖੀ ਤੇ ਗਿੱਦੜਾਂ ਨੂੰ ਸ਼ੇਰ ਬਣਾ ਦਿੱਤਾ।

ਜਿਨ੍ਹਾਂ ਅੱਖਾਂ ਵਿਚ ਵਿਤਕਰੇ ਦਾ ਲੇਸ ਮਾਤ੍ਰ ਵੀ ਰੋਗ ਹੈ, ਉਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਬਹੁ-ਰੰਗੀ ਸ਼ਖ਼ਸੀਅਤ ਦੀ ਜਾਗਦੀ ਜੋਤਿ ਨੂੰ ਸਹੀ ਰੂਪ ਵਿਚ ਵੇਖਣ ਤੋਂ ਅਸਮ੍ਰਥ ਰਹੇ ਹਨ। ਭਾਈ ਨੰਦ ਲਾਲ ਜੀ ਕਿਸੇ ਸਮੇਂ ਔਰੰਗਜ਼ੇਬ ਦੇ ਨਿਕਟ-ਵਰਤੀ ਸਨ, ਸਮੇਂ ਨੇ ਮੋੜਾ ਖਾਧਾ, ਉਹ ਹਜ਼ੂਰ ਦੇ ਦੀਦਾਰ ਕਰਕੇ ਦਿਬ ਦ੍ਰਿਸ਼ਟੀ ਵਾਲੇ ਹੋ ਗਏ। ਉਨ੍ਹਾਂ ਨੇ ਆਪਣੇ ਪ੍ਰੀਤਮ ਪਿਆਰੇ ਲਾਲ ਦੀ ਹੀਰੇ; ਲਾਲ ਤੇ ਯਾਕੂਤ ਨਾਲ ਤੁਲਨਾ ਦੇ ਕੇ ਜਿੰਨਾ ਮੁੱਲ ਪਾਇਆ, ਏਨਾ ਮੁੱਲ ਹਰੇਕ ਵਿਅਕਤੀ ਨਹੀਂ ਪਾ ਸਕਦਾ–

ਕਦਰਿ ਲਾਲਿ ਊ, ਬਜੁਜ਼ ਆਸ਼ਿਕ ਨ ਦਾਨਦ ਹੇਚ ਕਸ॥
ਕੀਮਤਿ ਯਾਕੂਤ ਦਾਨਦ, ਚਸ਼ਮਿ ਗੌਹਰ-ਬਾਰਿ ਮਾ॥੪॥ (ਗ਼ਜ਼ਲ ੨)

ਪ੍ਰੀਤਮ ਜੀ ਦੀਆਂ ਮਖ਼ਮੂਰੀ ਅੱਖਾਂ ਅੰਮ੍ਰਿਤ ਦਾ ਸੋਮਾ ਸਨ। ਇਨ੍ਹਾਂ ਵਿਚੋਂ ਰੱਬੀ ਬਰਕਤਾਂ ਦਾ ਅਥਾਹ ਮੀਂਹ ਵਰ੍ਹਿਆ। ਨਾਮ ਦੀਆਂ ਪ੍ਰੇਮ-ਕਣੀਆਂ ਜਿਸ ਹਿਰਦੇ ਵਿਚ ਰਚੀਆਂ, ਉਸ ਆਂਗਣ-ਫੁਲਵਾੜੀ ਵਿਚ ਚਾਅ, ਵਿਸ਼ਵਾਸ ਤੇ ਉਤਸ਼ਾਹ ਦੇ ਬੂਟੇ ਮਹਿਕ ਉਠੇ। ਗੁਰ-ਚਰਨਾਂ ਦੇ ਭੌਰਿਆਂ ਨੂੰ ਜਦ ਜਾਦੂ ਭਰੀ ਤੱਕਣੀ ਦੀ ਇਕ ਵਾਰ ਝਲਕ ਪਈ, ਉਹ ਪ੍ਰੀਤਮ ਦੀਆਂ ਗਲੀਆਂ ਵਿਚ ਮਸਤਾਨੇ ਹੋ ਕੇ ਫਿਰੇ, ਆਪਾ ਭੁੱਲ ਕੇ ਸਦਾ ਲਈ ਗੁਰੂ ਜੋਗੇ ਹੋ ਗਏ–

ਨਾਜ਼ਰਾਨਿ ਰੂਇ ਗੁਰੁ ਗੋਬਿੰਦ ਸਿੰਘ॥
ਮਸਤਿ ਹੱਕ ਦਰ ਕੂਇ ਗੁਰੁ ਗੋਬਿੰਦ ਸਿੰਘ॥੧੩੪॥ (ਗੰਜਨਾਮਾ)

## ਹਰਿ ਕਾ ਸੰਤੁ ਸਤਿਗੁਰੁ ਸਤ ਪੁਰਖਾ

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ॥
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ॥੧॥
ਹਰਿ ਕੇ ਸੰਤ ਸੁਨਹੁ ਜਸੁ ਕਾਨੀ॥
ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ॥੧॥ਰਹਾਉ॥
ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ ਵਡਾਨੀ॥
ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ॥੨॥
ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੋ ਤ੍ਰਿਪਤਾਨੀ॥
ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ॥੩॥
ਜਿਨ ਕੇ ਵਡੇ ਭਾਗ ਵਡ ਊਚੇ ਤਿਨ ਹਰਿ ਜਪਿਓ ਜਪਾਨੀ॥
ਤਿਨ ਹਰਿ ਸੰਗਤਿ ਮਲਿ ਪ੍ਰਭ ਸੁਆਮੀ ਜਨ ਨਾਨਕ ਦਾਸ ਦਸਾਨੀ॥੪॥੩॥

[ਧਨਾਸਰੀ ਮਹਲਾ ੪, ਪੰਨਾ ੬੬੭

## 'ਸੂਰਾ' ਦੇ ਸੁਹਿਰਦ ਪਾਠਕਾਂ ਪਾਸ ਅਪੀਲ

ਆਪ ਜੀ ਲਈ ਗੁਰਮਤਿ ਨੂੰ ਪ੍ਰਸਾਰਨ ਲਈ ਇਹ ਉਤਮ ਸੇਵਾ ਹੋਵੇਗੀ ਕਿ 'ਸੂਰਾ' ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਇਸ ਦੇ ਵਧ ਤੋਂ ਵਧ ਨਵੇਂ ਮੈਂਬਰ ਬਣਾਓ। ਤੁਸੀਂ 'ਸੂਰਾ' ਨੂੰ ਪਿਆਰ ਕਰਦੇ ਹੋ ਤਾਂ ਘਟੋ ਘਟ ਦੋ ਦੋ ਮੈਂਬਰ ਨਵੇਂ ਬਣਾ ਭੇਜੋ। ਹਰੇਕ ਪਾਠਕ ਨਵੇਂ ਮੈਂਬਰ ਬਨਾਣ ਲਈ ਮਿਲਵਰਤਣ ਦੇ ਕੇ ਗੁਰੂ-ਚਰਨਾਂ ਵਿਚ ਜੁੜਨ ਤੇ ਜੋੜਨ ਵਿਚ ਸਹਾਈ ਹੋਵੋ ਜੀ।


www.AKJ.Org

# ਜਿਨ੍ਹਾਂ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸਿਦਕ ਨੂੰ ਆਤਮਕ ਜੀਵਨ ਦਾ ਪ੍ਰਾਣ ਕਿਹਾ ਜਾਂਦਾ ਹੈ। ਵਾਹਿਗੁਰੂ, ਅਨੰਤ ਪਿਆਰ ਬਣ ਕੇ ਸਾਡੇ ਲਈ ਸਭ ਥਾਈਂ ਪਸਰਿਆ ਪਿਆ ਹੈ।[1] ਸਿਦਕ, ਇਸ ਪਿਆਰ ਨੂੰ ਮਨੁੱਖ ਵਲੋਂ ਭਰੇ ਹੁੰਗਾਰੇ ਦਾ ਨਾਮ ਹੈ। ਸਿਦਕ ਨੂੰ ਗੁਰਬਾਣੀ ਵਿਚ ਕਦੇ ਬਿਸਵਾਸ (ਵਿਸ਼ਵਾਸ, ਵਿਸਾਹ), ਕਦੇ ਭਰੋਸਾ (ਭਰਵਾਸਾ), ਕਦੇ ਸ਼ਰਧਾ, ਕਦੇ ਪ੍ਰਤੀਤ, ਕਦੇ ਨਿਸਚਾ (ਨਿਹਚਾ), ਤੇ ਕਦੇ ਯਕੀਨ ਆਖਿਆ ਗਿਆ ਹੈ। ਇਹ ਮਾਲਕ ਨਾਲ ਕੀਤਾ ਇਕਰਾਰ-ਨਾਮਾ ਹੈ, ਸਾਈਂ ਨੂੰ ਦਿੱਤਾ ਬਚਨ ਹੈ—ਸੱਚ ਦਾ, ਸੁਹਿਰਦਤਾ ਦਾ, ਪਿਆਰ ਦਾ, ਵਫ਼ਾ ਦਾ, ਵਾਰਨੇ ਜਾਣ ਦਾ।

ਸਿਦਕ, ਆਤਮ-ਚੇਤੰਨ ਮਨ ਦੀ ਮੁਦ੍ਰਾ ਹੈ। ਇਹ ਸ਼ੁਭ ਇਰਾਦੇ ਦਾ ਐਲਾਨ ਹੈ, ਸ਼ੁਭ ਕਰਮਾਂ ਦਾ ਚਾਉ ਹੈ। ਇਹ ਸਾਨੂੰ ਬੇਮੁਖਤਾ ਤੋਂ ਬਚਾਉਂਦਾ, ਤੇ ਮਨਮਤਿ ਵਲੋਂ ਹਟਕ ਕੇ ਗੁਰਮਤਿ ਵਲ ਪ੍ਰੇਰਦਾ ਹੈ। ਸਿਦਕ ਇਸ ਗੱਲ ਦਾ ਭਰੋਸਾ ਹੈ ਕਿ ਵਾਹਿਗੁਰੂ ਸਾਡੇ ਅੰਗ ਸੰਗ ਹੈ। ਇਹ ਵਾਹਿਗੁਰੂ ਜੀ ਕੀ ਫ਼ਤਹ ਦਾ ਵਿਸ਼ਵਾਸ ਹੈ। ਚੜ੍ਹਦੀ ਕਲਾ ਦਾ ਐਲਾਨ ਹੈ। ਇਸ ਪਾਸ ਆਦਰਸ਼ ਦੀ ਪ੍ਰੇਰਨਾ ਨਾਲ ਇਕੱਲਿਆਂ ਹੀ ਜੂਝ ਪੈਣ ਦਾ ਸਾਹਸ ਹੈ।

ਇਹ ਸਿਦਕ ਹੀ ਹੈ ਜੋ ਅਸੰਭਵ ਨੂੰ ਚੁਨੌਤੀ ਦੇ ਸਕਦਾ ਹੈ, ਤੇ ਹਾਰ-ਜਿੱਤਾਂ ਦੇ ਵਿਚਾਰਾਂ ਤੋਂ ਉਪਰਾਮ ਹੋ ਆਪਣਾ ਸੰਘਰਸ਼ ਜਾਰੀ ਰਖਦਾ ਹੈ। ਇਹ ਸਾਡੀਆਂ ਆਸਾਂ ਨੂੰ ਨਿਖਾਰਦਾ, ਸਾਡੇ ਸਾਹਸ ਨੂੰ ਪ੍ਰਪੱਕ ਕਰਦਾ, ਸਾਡੀ ਸੂਰਮਗਤੀ ਨੂੰ ਵਰੋਸਾਉਂਦਾ, ਤੇ ਸਾਡੀਆਂ ਮੁਸ਼ਕਲਾਂ ਨੂੰ ਦੂਰ ਕਰਦਾ ਹੈ। ਇਹ ਸਾਡੀ ਦ੍ਰਿੜ੍ਹਤਾ ਦਾ ਸੋਮਾ ਹੈ। ਇਹ ਸਾਡੀ ਹਿੰਮਤ ਦੀ ਪਿੱਠ ਥਾਪੜਦਾ ਹੈ, ਤੇ ਸਾਡੇ ਇਰਾਦਿਆਂ ਨੂੰ ਬਲ ਦੇਂਦਾ ਹੈ।

ਸਿਦਕ ਸਾਡੇ ਆਚਰਣ ਦੀ ਕਿਲ੍ਹੇ-ਬੰਦੀ ਕਰਦਾ ਹੈ; ਸਾਡੇ ਅਮਲਾਂ ਨੂੰ ਉਚਿਆਉਂਦਾ ਹੈ; ਵਿਚਾਰਾਂ ਵਿਚ ਸੰਜਮ ਬਖ਼ਸ਼ਦਾ ਹੈ; ਤੇ ਸਾਨੂੰ ਅਉਸਰ ਸੰਭਾਲਣ ਦੀ ਪ੍ਰੇਰਨਾ ਦੇਂਦਾ ਹੈ।

ਸਾਦਕ ਹਮੇਸ਼ਾ ਸ਼ੁਕਰਾਨੇ ਵਿਚ ਰਹਿੰਦਾ ਹੈ। ਜਿਸਦਾ ਦਿੱਤਾ ਖਾਂਦਾ ਹੈ ਉਸ ਦੇ ਗੁਣਾਨਬਾਦ ਗਾਉਂਦਾ ਹੈ। ਇਹ ਸਦਾਕਤ (ਸੱਚ) ਦਾ ਸਹੋਦਰ ਹੈ। ਇਸ ਵਿਚ ਵਾਹਿਗੁਰੂ ਦੀ ਹਾਜ਼ਰਨਾਜ਼ਰਤਾ ਦਾ ਝਲਕਾਰਾ ਵੱਜਦਾ ਹੈ।

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥

—ਸਿਰੀਰਾਗ ਵਾਰ ਮ: ੪, ਸਲੋਕ ਮ: ੧ (84/2)

ਸਿਦਕ ਦੇ ਚਾਰ ਥੰਮ ਹਨ : ਵਾਹਿਗੁਰੂ, ਸਤਿਗੁਰੂ, ਸ਼ਬਦ ਤੇ ਪੰਥ। ਵਾਹਿਗੁਰੂ, ਜੋ 'ਆਪੇ ਸਰਧਾ ਲਾਇਦਾ' ਹੈ, ਸਿਦਕ-ਦਾਤਾ ਹੈ। ਸਤਿਗੁਰੂ, ਪ੍ਰਾਣੀ ਅੰਦਰ ਸ਼ਰਧਾ ਜਗਾ ਕੇ, ਸੇਵਕ ਨੂੰ ਨਾਲ ਮਿਲਾ ਲੈਂਦਾ ਤੇ ਉਸ ਦਾ ਨਿਸਤਾਰਾ ਕਰਦਾ ਹੈ।[2] ਉਹ ਸਾਡੇ ਸਿਦਕ ਦੀ ਸੰਭਾਲ ਕਰਦਾ, ਇਸ ਨੂੰ ਸੁਆਰਦਾ, ਤੇ ਪਰਵਾਨ ਚਾੜ੍ਹਦਾ ਹੈ। ਆਪਣੇ ਸ਼ਬਦ ਰਾਹੀਂ ਪ੍ਰੇਰਨਾ ਜਗਾਈ ਰਖਦਾ ਹੈ। ਇਸ ਲਈ ਸ਼ਬਦ ਦੀ ਟੇਕ ਜ਼ਰੂਰੀ ਹੈ। ਸ਼ਬਦ ਹੀ ਜਨਮ-ਮਰਨ ਦੀ ਟੇਕ ਹੈ।[3] ਇਹ ਟੇਕ ਪ੍ਰਾਪਤ ਹੋਵੇ ਤਾਂ ਹੀ ਸਿਦਕ ਪ੍ਰਪੱਕ ਹੁੰਦਾ ਹੈ, ਭਟਕਦਾ ਨਹੀਂ। ਇਸੇ ਲਈ ਉਹ 'ਆਸਰਾ ਅਕਾਲ ਕਾ' ਲੈਂਦਾ ਹੈ ਤੇ 'ਪਰਚਾ ਸ਼ਬਦ ਕਾ' ਪਰਵਾਨ ਕਰਦਾ ਹੈ। ਪਰ, ਇਹਨਾਂ ਦੋਨਾਂ ਦੇ ਨਾਲ ਨਾਲ ਉਹ 'ਦੀਦਾਰ ਖ਼ਾਲਸੇ ਕਾ' ਵੀ ਲੋਚਦਾ ਹੈ। ਜਿਵੇਂ ਸ਼ਬਦ ਦਾ ਆਸਰਾ ਗੁਰੂ ਦਾ ਆਸਰਾ ਹੈ,

---

੧. ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ — ਜਾਪ, ੮੦-੪

੨. ਸਰਧਾ ਸਰਧਾ ਉਪਾਇ ਮਿਲਾਏ ਮੋਕਉ ਹਰਿ ਗੁਰ ਗੁਰਿ ਨਿਸਤਾਰੇ ॥ — ਨਟ ਮ: ੪ (983/4)

੩. ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥

—ਰਾਮਕਲੀ ਮ: ੫ (916/6)



www.AKJ.Org

ਕਿਉਂਕਿ ਸ਼ਬਦ ਗੁਰੂ ਹੈ; ਉਵੇਂ ਹੀ ਪੰਥ ਦਾ ਆਸਰਾ ਵੀ ਗੁਰੂ ਦਾ ਆਸਰਾ ਹੈ, ਕਿਉਂਕਿ ਪੰਥ ਵੀ ਗੁਰੂ ਹੈ। ਜੇ ਗੁਰੂ ਦੀ ਜੋਤਿ ਸ਼ਬਦ ਵਿਚ ਹੈ ਤਾਂ ਦੀਦਾਰ ਖ਼ਾਲਸੇ ਵਿਚ। ਪੰਥ ਇਕ ਅਧਿਆਤਮਕ ਸਮਾਜ ਹੈ, ਸਿਦਕ ਜਿਸ ਦਾ ਅਧਿਆਤਮਕ ਵਿਧਾਨ ਹੈ। ਇਸ ਵਿਧਾਨ ਵਿਚ ਪ੍ਰਾਣੀ ਸਹਿਜੇ ਹੀ ਸਿਦਕ ਵਿਚ ਪਹੁੰਚ ਜਾਂਦੇ ਹਨ।

ਖ਼ਾਲਸਾ ਪੰਥ ਦੇ ਉਚੇਰੇ ਸਿਦਕ ਦਾ ਨਾਮ **ਸਿੱਖੀ ਸਿਦਕ** ਹੈ। ਇਸ ਦਾ ਸਿਰੜ ਨਾਲ ਖ਼ਾਸ ਸੰਬੰਧ ਹੈ। ਸਿਖ ਆਪਣਾ ਸਿਰ ਭਾਵੇਂ ਦੇ ਦੇਵੇ, ਸਿਰੜ ਨਹੀਂ ਦੇਂਦਾ। ਜਦੋਂ ਸਿੰਘਾਂ ਦੇ ਸਿਰਾਂ ਦੀ ਕੀਮਤ ਲਗੀ ਹੋਈ ਸੀ ਤੇ ਨਗਾਰੇ ਦੀ ਚੋਟ ਨਾਲ ਇਸ ਮੁੱਲ ਦਾ ਐਲਾਨ ਹੋ ਗਿਆ ਸੀ ਤਦ ਵੀ ਸਿੰਘ ਜੰਗਲਾਂ ਬਨਾਂ ਵਿਚ ਗਾਉਂਦੇ ਫਿਰਦੇ ਸਨ, 'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨ ਜਾਵੇ।'

ਇਤਿਹਾਸਕ ਤੌਰ ਤੇ 'ਕੇਸ' ਓਦੋਂ ਇਸ ਸਿਦਕ ਦਾ ਚਿੰਨ੍ਹ ਬਣ ਕੇ ਉਭਰ ਆਏ ਸਨ। ਕੇਸਾਂ ਦੀ ਸਿੱਖੀ ਸਰੂਪ ਵਿਚ ਬੜੀ ਮਹਾਨਤਾ ਬਣ ਗਈ। ਇਹਨਾਂ ਕਾਰਨ ਹੀ ਸਿਖ ਪਛਾਣਿਆ ਜਾਂਦਾ ਸੀ। ਇਹ ਉਸ ਦੀ ਹਸਤੀ ਦਾ ਚਿੰਨ੍ਹ ਸਨ; ਕੇਵਲ ਉਸ ਦੀ ਨਿੱਜੀ ਹਸਤੀ ਦਾ ਹੀ ਨਹੀਂ, ਉਸ ਦੀ ਆਜ਼ਾਦ ਕੌਮੀ ਹਸਤੀ ਦਾ ਵੀ। ਇਸੇ ਲਈ, ਸਰਕਾਰ ਦੀਆਂ ਅੱਖਾਂ ਵਿਚ ਖਟਕਦੇ ਸਨ। ਸਰਕਾਰ ਜਿਸ ਸਿਖ ਨੂੰ ਫੜ ਲੈਂਦੀ, ਉਸ ਨੂੰ ਕਤਲ ਕਰਨ ਤੋਂ ਵੀ ਪਹਿਲਾਂ ਉਸ ਦੇ ਕੇਸ ਕੱਤਲ ਕਰ ਦੇਣ ਦਾ ਆਦੇਸ਼ ਦੇਂਦੀ। ਇਉਂ ਪਹਿਲਾਂ ਉਸ ਦੇ ਸਿਦਕ ਤੇ ਤਲਵਾਰ ਚਲਾਈ ਜਾਂਦੀ ਸੀ। ਇਸ ਨਾਤੇ ਕੇਸ ਸਿੱਖੀ ਸਿਦਕ ਦਾ ਵੀ ਚਿੰਨ੍ਹ ਬਣ ਗਏ। ਗੁਰੂ ਦੀ ਇਸ ਮੁਹਰ ਨੂੰ ਸਿਖ, ਗੁਰੂ ਦੀ ਦਾਤ ਤੋਂ ਇਲਾਵਾ ਆਪਣੀ ਆਜ਼ਾਦ ਹਸਤੀ ਦਾ ਚਿੰਨ੍ਹ, ਆਪਣੇ ਪ੍ਰਪੱਕ ਸਿਦਕ ਦਾ **ਬਿੰਬ**, ਤੇ ਆਪਣੀ ਖ਼ੁਦਦਾਰੀ ਤੇ ਅਣਖ ਦਾ ਨਿਸ਼ਾਨ ਵੀ ਮੰਨਣ ਲਗੇ। ਇਸੇ ਲਈ ਕੇਸਾਂ ਦੀ ਮਹੱਤਾ ਸਿੱਖੀ ਰਹਿਤ ਵਿਚ ਵੀ ਬੜੀ ਅਹਿਮ ਹੋ ਗਈ।

ਜੇਕਰ ਕੋਈ ਵਸਤ ਕਿਸੇ ਕੌਮ ਦੀ ਅਣਖ, ਉਸ ਦੀ ਹਸਤੀ, ਉਸ ਦੀ ਖ਼ੁਦਮੁਖ਼ਤਾਰੀ, ਤੇ ਉਸ ਦੇ ਸਿਦਕ ਦਾ ਸਮੁੱਚਾ ਚਿੰਨ੍ਹ ਬਣ ਜਾਵੇ ਤਾਂ ਉਹ ਵਸਤ ਕੌਮ ਦੇ ਸਦੱਸਾਂ ਲਈ ਜਾਨ ਤੋਂ ਵੀ ਵੱਧ ਪਿਆਰੀ ਹੋ ਜਾਣੀ ਸੁਭਾਵਕ ਹੈ। ਇਹੋ ਕਾਰਨ ਹੈ ਕਿ ਸਿਖ ਆਪਣੀ ਜਾਨ ਦੇ ਦੇਂਦੇ ਸਨ, ਕੇਸਾਂ ਦੀ ਬੇਅਦਬੀ ਬਰਦਾਸ਼ਤ ਨਹੀਂ ਸਨ ਕਰਦੇ। ਕੇਸਾਂ ਤੋਂ ਵਿਹੀਣ ਹੋਣਾ ਉਹਨਾਂ ਦੀ ਨਜ਼ਰ ਵਿਚ ਬੇਅਣਖੇ, ਗੁਲਾਮ, ਤੇ ਸਿਦਕਹੀਣ ਹੋਣ ਦੇ ਤੁਲ ਸੀ। ਇਸੇ ਕਾਰਨ ਉਹ ਆਪਣੇ ਕੇਸਾਂ ਨੂੰ ਪ੍ਰਾਣਾਂ ਕੋਲੋਂ ਵੀ ਵੱਧ ਪਿਆਰ ਕਰਦੇ ਸਨ। ਖ਼ਾਲਸਾ ਜੀ ਦਾ ਆਪਣੇ ਕੇਸਾਂ ਪ੍ਰਤੀ ਇਹ ਸਤਿਕਾਰ ਉਹਨਾਂ ਸੂਰਬੀਰਾਂ ਪ੍ਰਤੀ ਸ਼ਰਧਾਂਜਲੀ ਦਾ ਰੂਪ ਧਾਰਨ ਕਰ ਗਿਆ, ਜਿਨ੍ਹਾਂ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ ਤੇ ਅਰਦਾਸ ਇਸ ਸ਼ਰਧਾਂਜਲੀ ਦਾ ਮਾਧਿਅਮ ਬਣ ਗਈ।

---

## ਮਨੁੱਖ ਸਾਕਾਹਾਰੀ ਜੀਵ

**ਇਥਕਾ** : ਮਨੁੱਖੀ ਖ਼ੁਰਾਕ ਬਾਰੇ ਕੀਤੇ ਗਏ ਇਕ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਮਨੁੱਖ ਸਾਕਾਹਾਰੀ ਖ਼ੁਰਾਕ ਵਾਲੀ ਕਿਸਮ ਵਿਚ ਆਉਂਦੇ ਹਨ। ਮੀਟ ਅਤੇ ਜੀਵਾਂ ਤੋਂ ਬਣੀਆਂ ਹੋਰ ਵਸਤਾਂ ਖਾਣ ਨਾਲ ਬਿਮਾਰੀਆਂ ਦਾ ਖਤਰਾ ਵਧ ਜਾਂਦਾ ਹੈ। ਇਹ ਜਾਣਕਾਰੀ ਕਾਰਨਲ ਯੂਨੀਵਰਸਿਟੀ ਦੇ ਇਕ ਖੋਜਕਾਰ ਕੋਲਿਨ ਕੈਂਪਬਿਲ ਨੇ ਦਿਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੰਗੀ ਸਿਹਤ ਵਾਸਤੇ ਅਤੇ ਦਿਲ ਦੀਆਂ ਬੀਮਾਰੀਆਂ, ਕੈਂਸਰ, ਸ਼ੂਗਰ ਤੇ ਹੋਰ ਬਿਮਾਰੀਆਂ ਦੇ ਖ਼ਤਰੇ ਨੂੰ ਘਟ ਕਰਨ ਲਈ ਸਾਕਾਹਾਰੀ ਖ਼ੁਰਾਕ ਵਧੇਰੇ ਠੀਕ ਹੈ। (ਏ. ਪੀ.)

—ਅਜੀਤ, ਮਿਤੀ ੧੨-੫-੯੦

**੧੩੦ ਵਰ੍ਹਿਆਂ ਦੀ ਦਾਦੀ ਅੰਮਾ ਦੀ ਲੰਮੀ ਉਮਰ ਦਾ ਰਾਜ਼**—ਕਾਹਿਰਾ : ਮਿਸਰ ਦੀ ਲੰਮੀ ਉਮਰ ਦੀ ਔਰਤ ਦੀ ਮੌਤ ਹੋ ਗਈ ਹੈ। ਉਹ ੧੩੦ ਵਰ੍ਹਿਆਂ ਦੀ ਸੀ। ਇਸ ਦਾਦੀ ਅੰਮਾ ਦਾ ਨਾਂ ਮੀਆ ਅਵਲੀ ਮਕਾਨੀ ਅਜਕਾਈ ਸੀ, ਜਿਸ ਦੇ ਪਰਿਵਾਰ ਦਾ ਦਰੱਖ਼ਤ ੩੦੦ ਬੱਚੇ-ਬੱਚੀਆਂ ਤੱਕ ਫੈਲ ਚੁਕਿਆ ਹੈ। ਉਸ ਦੇ ਪੋਤਿਆਂ ਪੜਪੋਤਿਆਂ ਦਾ ਕਹਿਣਾ ਹੈ ਕਿ ਉਹਨਾਂ ਦੀ ਪੜਦਾਦੀ ਦੀ ਲੰਮੀ ਉਮਰ ਦਾ ਰਾਜ਼ ਉਸ ਦਾ "ਵੈਸ਼ਨੂੰ" ਹੋਣਾ ਹੈ। ਉਸ ਦਾ ਜਨਮ ੧੮੬੦ ਵਿਚ ਹੋਇਆ ਦਸਿਆ ਜਾਂਦਾ ਹੈ। (ਡੀ.ਪੀ.ਏ.) ਅਜੀਤ, ੨੪-੫-੯੧

www.AKJ.Org

# ਅਲੌਕਿਕ ਕ੍ਰਿਸ਼ਮਾ

## (੧੭੦੯-੧੦ ਈ: ਦਾ ਸਿਖ ਇਨਕਲਾਬ)

[ਪ੍ਰੋ: ਗੁਰਬਖਸ਼ ਸਿੰਘ, ਅਸਿਸਟੈਂਟ ਡਾਇਰੈਕਟਰ ਰੀ:,ਪੰਜਾਬ ਹਿਸਟੋਰੀਕਲ ਅਧਿਐਨ,ਪੰਜਾਬੀ ਯੂਨੀਵਰਸਿਟੀ, ਪਟਿਆਲਾ]

ਵਿਸ਼ਵ ਦੇ ਇਤਿਹਾਸ ਵਿਚ ਅਕਸਰ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੂੰ ਕ੍ਰਿਸ਼ਮਾ ਕਿਹਾ ਜਾ ਸਕਦਾ ਹੈ, ਪਰ ੧੭੦੯ ਈਸਵੀ ਦਾ ਸਿੱਖ ਇਨਕਲਾਬ ਇਕ ਅਲੌਕਿਕ ਕ੍ਰਿਸ਼ਮਾ ਸੀ। ਇਸ ਦੀ ਹੋਰ ਕੋਈ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਨਹੀਂ ਮਿਲਦੀ। ੧੭੦੭ ਈ: ਵਿਚ ਮੁਗਲ ਤਾਜਦਾਰ ਔਰੰਗਜ਼ੇਬ ਦੀ ਮੌਤ ਹੋ ਗਈ। ੧੭੦੯ ਈਸਵੀ ਵਿਚ ਮੁਠੀ ਭਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਇਸ ਇਨਕਲਾਬ ਦੀ ਨੀਂਹ ਰੱਖੀ ਅਤੇ ੧੭੧੦ ਵਿਚ ਪੰਜਾਬ ਵਿਚ ਪਹਿਲੀ ਵਾਰੀ ਸੁਤੰਤਰ ਪੰਜਾਬ ਦਾ ਨੀਂਹ-ਪੱਥਰ ਰੱਖ ਦਿੱਤਾ।

ਇਹ ਕ੍ਰਿਸ਼ਮਾ ਕਰ ਵਿਖਾਉਣ ਵਾਲੇ ਉਹ ਲੋਕ ਸਨ ਜਿਨ੍ਹਾਂ ਨੇ ਪਹਿਲਾਂ ਕਦੀ ਬੰਦੂਕ ਮੋਢਿਆਂ ਤੇ ਨਹੀਂ ਧਰੀ ਸੀ। ਤਲਵਾਰ ਨੂੰ ਵੀ ਪਹਿਲੀ ਵਾਰੀ ਉਹਨਾਂ ਦੀ ਛੁਹ ਪ੍ਰਾਪਤ ਹੋਈ ਸੀ। ਇਹ ਅਲੌਕਿਕ ਕ੍ਰਿਸ਼ਮਾ ਸੀ। ਇਹ ਕਿਵੇਂ ਵਾਪਰਿਆ ? ਜੇ ਅੱਜ ਅਸੀਂ ਇਸ ਦੀ ਸਫਲਤਾ ਦੇ ਕਾਰਨ ਲੱਭੀਏ ਤਾਂ ਹੋ ਸਕਦਾ ਹੈ ਕਿ ਭਾਵੁਕ ਹੋ ਕੇ ਕੋਈ ਅਜਿਹੀ ਗੱਲ ਕਹਿ ਦੇਈਏ ਜੋ ਹਕੀਕਤ ਤੋਂ ਕੁਝ ਦੂਰ ਹੋਵੇ। ਪਰ ਸਮਕਾਲੀ ਮੁਸਲਮਾਨ ਇਤਿਹਾਸ-ਕਾਰਾਂ ਨੇ ਇਸ 'ਕ੍ਰਿਸ਼ਮੇ' ਤੇ ਜੋ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਦਾ ਮੁਲਾਂਕਣ ਸਾਡੇ ਸਾਹਮਣੇ ਉਕਤ ਕਾਰਨਾਂ ਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਇਹ ਇਤਿਹਾਸਕਾਰ ਸਿੱਖਾਂ ਦੇ ਵਿਰੋਧੀ ਸਨ। ਉਹ ਸਿੱਖਾਂ ਦੀਆਂ ਸਫਲਤਾਵਾਂ ਤੇ ਅੱਥਰੂ ਕੇਰਦੇ ਹਨ, ਕੀਰਨੇ ਪਾਉਂਦੇ ਹਨ, ਪਰ ਸੱਚ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਦੀ ਸਿਖਿਆ ਇਨ੍ਹਾਂ ਨੂੰ ਅਜੇ ਨਹੀਂ ਮਿਲੀ ਸੀ। ਉਹ ਇਤਿਹਾਸ ਲਿਖਣ ਲਗਿਆਂ ਸੱਚ ਨੂੰ ਲੁਕਾਉਂਦੇ ਨਹੀਂ ਸਨ। ਬਿਨਾਂ ਕਿਸੇ ਵਧਾਅ-ਘਟਾਅ ਦੇ ਉਹ ਸੱਚ ਨੂੰ ਬਿਆਨ ਕਰ ਦੇਂਦੇ ਹਨ। ਇਨ੍ਹਾਂ ਦੀਆਂ ਨਜ਼ਰਾਂ ਵਿਚ ਇਸ ਇਨਕਲਾਬ ਦੀ ਸਫਲਤਾ ਦੇ ਕੀ ਕਾਰਨ ਸਨ ?

### ਸਿੱਖ ਇਨਕਲਾਬ ਦਾ ਪ੍ਰਾਰੰਭ ਜ਼ਾਲਮਾਂ ਨੂੰ ਦੰਡ ਦੇਣ ਦੇ ਉਦੇਸ਼ ਨਾਲ ਹੋਇਆ—

ਸਿੱਖ ਇਨਕਲਾਬ ਦਾ ਪ੍ਰਾਰੰਭ ਉਹਨਾਂ ਅਤਿਆਚਾਰਾਂ ਤੇ ਜ਼ੁਲਮਾਂ ਦਾ ਬਦਲਾ ਲੈਣ ਦੀ ਪ੍ਰਬਲ ਇਛਿਆ ਨਾਲ ਹੋਇਆ, ਜੋ ਮੁਗਲ ਹੁਕਮਰਾਨਾਂ ਨੇ ਗੁਰੂ ਗੋਬਿੰਦ ਸਿੰਘ ਸਾਹਿਬ, ਉਹਨਾਂ ਦੇ ਪਰਿਵਾਰ ਅਤੇ ਸਮੂਹ ਸਿੱਖਾਂ ਤੇ ਢਾਹੇ। ਇਸ ਵਿਦਰੋਹ ਨੇ ਤੁਰੰਤ ਸਾਰੇ ਪੰਜਾਬ ਨੂੰ ਇਸ ਤਰ੍ਹਾਂ ਆਪਣੇ ਕਲਾਵੇ ਵਿਚ ਲੈ ਲਿਆ ਕਿ ਇਹ ਵਿਦਰੋਹ ਨਾ ਰਿਹਾ, ਸਗੋਂ ਪੰਜਾਬ ਨੂੰ ਮੁਗਲਾਂ ਦੇ ਸਾਮਰਾਜ ਤੋਂ ਆਜ਼ਾਦ ਕਰਾਉਣ ਲਈ ਇਕ ਭਿਆਨਕ ਸੰਘਰਸ਼ ਦਾ ਰੂਪ ਧਾਰਨ ਕਰ ਗਿਆ। ਸਮੁੱਚੇ ਸਿੱਖ ਜਗਤ ਵਿਚ ਰੋਸ ਤੇ ਗੁੱਸੇ ਦੀ ਤੇਜ਼ ਲਹਿਰ ਦੌੜ ਗਈ। ਇਸ ਨੇ ਉੱਨਾ ਚਿਰ ਸ਼ਾਂਤ ਨਹੀਂ ਹੋਣਾ ਸੀ ਜਿੰਨਾ ਚਿਰ ਜ਼ਾਲਮਾਂ ਨੂੰ ਉਨ੍ਹਾਂ ਵਲੋਂ ਕੀਤੇ ਅਪਰਾਧਾਂ ਦੀ ਸਜ਼ਾ ਨਾ ਦਿੱਤੀ ਜਾਏ ਅਤੇ ਪੰਜਾਬ ਦੀ ਹਕੂਮਤ ਖ਼ੁਦ ਨਾ ਸੰਭਾਲ ਲਈ ਜਾਏ।

ਇਸ ਉਦੇਸ਼ ਵਿਚ ਉਨ੍ਹਾਂ ਨੂੰ ਜੋ ਸਫਲਤਾ ਮਿਲੀ, ਉਸ ਤੇ ਟਿਪਣੀ ਕਰਦਿਆਂ ਸਮਕਾਲੀ ਲੇਖਕ ਗ਼ੁਲਾਮ ਮੁਹੱਉਦ-ਦੀਨ ੧੭੨੨ ਈ: ਵਿਚ ਲਿਖੀ ਆਪਣੀ ਪੁਸਤਕ ਫ਼ਤੂਹਾਤ ਨਾਮਾ-ਇ-ਸਮਦੀ ਵਿਚ ਸਿੰਘਾਂ ਦੀ ਸਫਲਤਾ ਦਾ ਮੁੱਖ ਤੇ ਮਹੱਤਵ ਕਾਰਨ ਦਸਦਾ ਹੈ ਕਿ ਸਿੰਘਾਂ ਨੇ ਉਸ 'ਰੁਹਬ-ਇ-ਸੁਲਤਾਨੀ ਦਾ ਹੁਸ਼ਾ ਫੋਰ ਕੇ ਰਖ ਦਿਤਾ'। ਉਸ ਅਨੁਸਾਰ ਹਕੂਮਤ ਦਾ ਰੁਹਬ ਹੀ ਤਾਂ ਹਕੂਮਤਾਂ ਦੇ ਦੁਆਲੇ ਉਸਦੀ ਰਖਿਆ ਦਾ ਕੰਮ ਕਰਦਾ ਹੈ। ਸਿੰਘਾਂ ਨੇ ਉਸ 'ਰੁਹਬ-ਇ-ਸੁਲਤਾਨੀ' ਦਾ ਸਫਾਇਆ ਕਰ ਦਿੱਤਾ। ਉਸ ਦੇ ਆਪਣੇ ਸ਼ਬਦ ਇਸ ਪ੍ਰਕਾਰ ਹਨ—

"ਆਂ ਸੱਦ-ਇ-ਸਿਕੰਦਰੀ* ਕਿ ਰੁਹਬ-ਇ-ਸੁਲਤਾਨੀਂ ਇਬਾਰਤ ਅਜ਼ੋਸਤ, ਰੁਮਫਤ੍ਹਾ, ਜਾਏ

* ਚੀਨ ਵਿਚ ਮੰਗੋਲਾਂ ਦੇ ਹਮਲਿਆਂ ਤੋਂ ਬਚਣ ਲਈ ਜੋ ਲੰਮੀ ਤੇ ਸ਼ਕਤੀਸ਼ਾਲੀ ਦੀਵਾਰ ਕਾਇਮ ਕੀਤੀ ਅਤੇ ਜੋ ਹੁਣ ਤਕ ਕਾਇਮ ਹੈ, ਉਸ ਨੂੰ ਮੁਸਲਮਾਨ ਇਤਿਹਾਸਕਾਰ 'ਸੱਦ-ਇ-ਸਿਕੰਦਰੀ' ਲਿਖਦੇ ਹਨ।



www.AKJ.Org

ਸ਼ੋਰਿਸ਼ ਦੀਦਾ।''

''ਹਕੂਮਤ ਦਾ ਰੁਹਬ ਹੀ ਹਕੂਮਤ ਦੁਆਲੇ ਦੀਵਾਰੇ-ਚੀਨ ਬਣ ਕੇ ਉਸ ਦੀ ਰੱਖਿਆ ਕਰਦਾ ਹੈ। ਸਿੰਘਾਂ ਨੇ ਮੁਗਲਾਂ ਦੀ ਸਲਤਨਤ ਦਾ ਉਹ ਰੁਹਬ ਖ਼ਤਮ ਕਰ ਦਿੱਤਾ। ਇਸ ਦੇ ਨਾਲ ਸਾਰੇ ਰਾਜ ਵਿਚ ਹਫੜਾ-ਦਫੜੀ ਮਚ ਗਈ।''

ਸਿੰਘਾਂ ਨੇ ਮੁਗ਼ਲਾਂ ਦੇ 'ਸੁਲਤਾਨੀ ਰੁਹਬ' ਦਾ ਹੂੰਝਾ ਕਿਵੇਂ ਫੇਰਿਆ ? ਇਸ ਸੰਬੰਧੀ ਵੀ ਸਮਕਾਲੀ ਇਤਿਹਾਸਕਾਰਾਂ ਨੇ ਕਈ ਪ੍ਰਕਾਰ ਦੇ ਵੇਰਵੇ ਦਿਤੇ ਹਨ। ੧੭੨੮ ਈ: ਵਿਚ ਲਿਖੀ ਇਕ ਹੋਰ ਪੁਸਤਕ 'ਅਸਰਾਰ-ਇ-ਸਮਦੀ' ਵਿਚ ਲੇਖਕ ਉਕਤ ਲਿਖਤ ਦੀ ਪੁਸ਼ਟੀ ਕਰਦਿਆਂ ਲਿਖਦਾ ਹੈ—

ਸਾਰੇ ਸੰਸਾਰ ਵਿਚ ਗੜਬੜ ਮਚ ਗਈ। ਇਸ ਦੀਆਂ ਖਬਰਾਂ ਰੋਮ ਤੇ ਸ਼ਾਮ ਤਕ ਜਾ ਪਹੁੰਚੀਆਂ। ਇਨ੍ਹਾਂ (ਸਿੰਘਾਂ) ਦੇ ਵਿਦਰੋਹ ਨਾਲ ਮੁਲਕ ਇੰਨਾ ਤਬਾਹ ਹੋ ਗਿਆ ਕਿ ਧਰਤੀ ਵਿਚਲਾ ਸ਼ੇਸ਼ਨਾਗ ਵੀ ਕੰਬ ਉਠਿਆ। ਮੁਗਲਾਂ ਦਾ ਇਕ ਵੀ ਫ਼ੌਜਦਾਰ ਅਜਿਹਾ ਨਹੀਂ ਸੀ ਜਿਸ ਦੇ ਚੇਹਰੇ ਤੇ (ਸਿੰਘਾਂ ਨੇ) ਤਲਵਾਰ ਦੀ ਜ਼ਰਬ ਨਾ ਮਾਰੀ ਹੋਵੇ। (ਸਿੰਘਾਂ ਨੇ) ਫ਼ਿਤਨਾ-ਫ਼ਸਾਦ ਦਾ ਇੰਨਾ ਤੇਜ਼ ਝੱਖੜ ਝੁਲਾਇਆ ਕਿ ਕੋਈ ਵੀ ਇਸ ਦੇ ਕਸ਼ਟ ਤੋਂ ਬਚ ਨਾ ਸਕਿਆ। ਸੰਸਾਰ ਵਿਚ ਮਾਨੋ ਪਰਲੋ ਆ ਗਈ।

ਕੈਂਥਲ, ਸਮਾਣਾ, ਕਪੂਰੀ ਤੇ ਸਰਹਿੰਦ ਵਿਚ ਮੁਗ਼ਲ ਫ਼ੌਜਦਾਰ ਦੀ ਹਾਰ ਵਾਕਈ ਮੁਗਲਾਂ ਲਈ ਪਰਲੋ ਸੀ। ਉਹਨਾਂ ਨਾਲ ਉਹ ਕੁਝ ਵਾਪਰ ਰਿਹਾ ਸੀ ਜਿਸ ਦਾ ਉਹਨਾਂ ਨੂੰ ਕਦੀ ਸੁਪਨਾ ਭੀ ਨਹੀਂ ਆ ਸਕਦਾ ਸੀ।

ਪ੍ਰਸਿੱਧ ਇਤਿਹਾਰਕਾਰ ਖ਼ਾਫ਼ੀ ਖ਼ਾਨ ਅਨੁਸਾਰ ਚੰਦ ਮਹੀਨਿਆਂ ਵਿਚ ਹੀ ਬੰਦਾ ਸਿੰਘ ਦਾ ਆਪਣੀ ਕਮਾਨ ਹੇਠ ੪੦ ਹਜ਼ਾਰ ਸਿੰਘ ਇਕੱਠੇ ਕਰ ਲੈਣਾ ਹੈਰਾਨੀ-ਜਨਕ ਸੀ। ਜਿਨ੍ਹਾਂ ਮੁਗਲ ਫ਼ੌਜਦਾਰਾਂ ਨੇ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੱਖਾਂ ਉਤੇ ਜ਼ੁਲਮ ਢਾਹੇ ਸਨ, ਉਹਨਾਂ ਦੇ ਹੈੱਡ-ਕੁਆਰਟਰ ਕੈਂਥਲ, ਸਮਾਣਾ, ਕਪੂਰੀ ਤੇ ਸਰਹਿੰਦ ਵਿਚ ਸਨ। ਉਹਨਾਂ ਕੋਲੋਂ ਜਿਸ ਤਰ੍ਹਾਂ ਬਦਲਾ ਲਿਆ ਗਿਆ, ਉਸ ਨੇ ਸਾਰੇ ਇਸਲਾਮੀ ਜਗਤ ਵਿਚ ਤਰਥੱਲੀ ਮਚਾ ਦਿੱਤੀ। ਗ਼ੁਲਾਮ ਮੁਹੱਈ-ਉਦ-ਦੀਨ ਅਨੁਸਾਰ ਸਮਾਣਾ ਵਿਚ ਮੁਗ਼ਲਾਂ ਨੇ ਮੁਕਾਬਲਾ ਕੀਤਾ, ਪਰ ਉਹਨਾਂ ਦੀ ਦਾਲ ਨਾ ਗਲੀ। ਲੇਖਕ ਅੱਗੇ ਚਲ ਕੇ ਲਿਖਦਾ ਹੈ ਕਿ—''ਤਾਕਤ-ਇ-ਇਨਸਾਨੀ ਬਾ ਆਫ਼ਤ-ਇ-ਆਸਮਾਨੀ ਕੁਜਾ ਹਮ ਪੰਜਾ ਸ਼ਵਦ'' ''ਮਨੁੱਖੀ ਤਾਕਤ ਆਸਮਾਨੀ ਬਲਾ ਨਾਲ ਕਿਵੇਂ ਖੈਬੜ ਸਕਦੀ ਹੈ ?''

ਸਿੰਘਾਂ ਦੇ ਇਨਕਲਾਬ ਨੂੰ ਉਹ 'ਆਸਮਾਨੀ ਬਲਾ' ਕਹਿੰਦਾ ਹੈ। ਇਹੀ ਲੇਖਕ ਅੱਗੇ ਲਿਖਦਾ ਹੈ—

ਇਸ ਫਿਤਨੇ (ਸਿੰਘਾਂ ਦੇ ਵਿਦਰੋਹ) ਨੇ ਧਰਤੀ ਤੇ ਆਪਣੀ ਪਕੜ ਮਜ਼ਬੂਤ ਕੀਤੀ, ਸਾਰੀ ਧਰਤੀ ਕੰਬ ਉਠੀ।

ਇਨ੍ਹਾਂ ਨੇ ਜ਼ੁਲਮ ਦ ਝੰਡੇ ਬੁਲੰਦ ਕੀਤੇ ਅਤੇ ਦਿੱਲੀ ਤੋਂ ਲਾਹੌਰ ਤੱਕ ਸਾਰੇ ਇਲਾਕੇ ਤੇ ਛਾ ਗਏ। ਇਹ ਬਦਬਖ਼ਤ ਕੌਮ ਸੀ। ਇਨ੍ਹਾਂ ਦੇ ਸਰੀਰ ਸੈਤਾਨ ਦੇ ਸਰੀਰ ਨਾਲ ਮਿਲਦੇ ਸਨ। ਇਹ ਦਰਿੰਦਿਆਂ ਤੇ ਸ਼ੈਤਾਨਾਂ ਵਾਂਗ ਸਾਰੇ ਮੁਲਕ ਵਿਚ ਫੈਲ ਗਏ।

ਇਹ ਸਾਰੇ ਰਿੱਛ-ਮੂੰਹੇ ਸਨ। ਨਾ ਇਨ੍ਹਾਂ ਦੇ ਸਿਰਾਂ ਤੇ ਕਦੀ ਉਸਤਰਾ ਫਿਰਿਆ ਸੀ, ਨਾ ਕਦੀ ਇਨ੍ਹਾਂ ਦੀਆਂ ਮੁੱਛਾਂ ਤੇ।

ਇਨ੍ਹਾਂ ਦੀ ਖਲੜੀ ਸੂਰ ਦੀ ਖੱਲ ਵਾਂਗ ਸਖ਼ਤ ਸੀ। ਇਨ੍ਹਾਂ ਦੀ ਦਾੜ੍ਹੀ ਪਿਛੇ ਇਨ੍ਹਾਂ ਦਾ ਸਾਰਾ ਜਿਸਮ ਲੁਕ ਜਾਂਦਾ ਸੀ। ਸਿਰ ਦੇ ਵਾਲ ਪਿਛੇ ਨੂੰ ਖਿਲਾਰ ਕੇ ਸੁੱਟਦੇ ਸਨ, ਤਾਂ ਘੋੜੇ ਦੀ ਪੂਛ ਹੋਣ ਦਾ ਸ਼ੱਕ ਹੁੰਦਾ ਸੀ। ਇਹ ਬੜੀ ਸਖ਼ਤ ਧੌਣ ਵਾਲੇ ਸਨ, ਪਰ ਹੱਥਾਂ ਪੈਰਾਂ ਦੇ ਬੜੇ ਛੋਹਲੇ, ਹਲਕੇ-ਫੁਲ ਅਤੇ ਤੇਜ਼ ਰਫ਼ਤਾਰ। ਇਹ ਮਸਤ ਸੂਰ ਵਾਂਗ ਝੂਮ ਕੇ ਟਹਿਲਦੇ। ਇਹ ਹੋਰਨਾਂ ਕਾਫ਼ਰਾਂ ਵਾਂਗ ਜਨੇਊ ਨਹੀਂ ਪਹਿਨਦੇ। ਇਹ ਲੋਹੇ ਦੇ ਮਣਕਿਆਂ ਦੀ ਵੱਡੀ ਮਾਲਾ ਗਲ ਵਿਚ ਪਹਿਨਦੇ ਸਨ।

ਇਹ ਤਨ ਤੋਂ ਸਿਰ ਲਾਹੁਣ ਵਿਚ ਤਾਕ ਸਨ। ਇਹ ਕਲਮ ਵਾਂਗ ਸਿਰ ਧੜ ਤੋਂ ਵੱਖ ਕਰ ਦੇਂਦੇ ਸਨ।



www.AKJ.Org

ਇਹ ਪਲੀਤ, ਗੰਦੇ ਤੇ ਨਾਪਾਕ ਲੋਕ ਸਨ। ਅਕਾਸ਼ ਨੇ ਪਤਾ ਨਹੀਂ ਕਿਹੋ ਜੇਹੀ ਬਲਾ ਧਰਤੀ ਤੇ ਭੇਜ ਦਿੱਤੀ ਸੀ।

ਇਕ ਹੋਰ ਥਾਂ ਤੇ ਗ਼ੁਲਾਮ ਮੁਹੱਈ-ਉਦ-ਦੀਨ ਇਸ ਤਰ੍ਹਾਂ ਲਿਖਦਾ ਹੈ : ਸਿੰਘਾਂ ਦੇ ਵਿਦਰੋਹ ਦਾ ਇਹ ਪ੍ਰਣਾਮ ਨਿਕਲਿਆ ਕਿ "ਮੁਕੀਮਾ ਮੁਸਾਫਿਰ, ਮੁਸਾਫਰ ਮੁਕੀਮ" ਹੋ ਗਏ। ਅਰਥਾਤ ਜਿਹੜੇ ਵੱਸੇ ਹੋਏ ਸਨ, ਉਹ ਉੱਜੜ ਪੁੱਜੜ ਗਏ। ਉਨ੍ਹਾਂ ਨੇ ਆਪਣੇ ਘਰ-ਬਾਰ ਤਿਆਗ ਦਿੱਤੇ। ਉਹ ਸੁਰੱਖਿਆ ਲੋੜਦੇ ਸਨ ਅਤੇ ਜਿਹੜੇ ਵਪਾਰ ਵਿਚ ਅੰਦਰ-ਬਾਹਰ ਜਾਂਦੇ ਰਹਿੰਦੇ ਸਨ, ਉਹ ਥਾਉਂ ਥਾਈਂ ਟਿੱਕ ਕੇ ਬਹਿ ਗਏ। ਉਨ੍ਹਾਂ ਲਈ ਇਧਰ ਉਧਰ ਫਿਰਨਾ ਅਸੰਭਵ ਹੋ ਗਿਆ।

ਇਸ ਇਨਕਲਾਬ ਨੇ ਜ਼ਾਲਮਾਂ ਨੂੰ ਉਜਾੜ ਦਿੱਤਾ। ਉਨ੍ਹਾਂ ਦੀ ਸੁਰੱਖਸ਼ਾ ਖ਼ਤਰੇ ਵਿਚ ਪਾ ਦਿੱਤੀ ਅਤੇ ਵੱਪਾਰ, ਜੋ ਹਰ ਸਰਕਾਰ ਦੀ ਰੀੜ ਦੀ ਹੱਡੀ ਹੁੰਦਾ ਹੈ, ਤਬਾਹ ਕਰ ਦਿੱਤਾ। ਲੁੱਟ-ਮਾਰ ਨਾਲ ਇਨ੍ਹਾਂ ਨੇ ਸਾਰੇ ਮੁਲਕ ਵਿਚ ਅ-ਸਥਿਰਤਾ ਪੈਦਾ ਕਰ ਦਿੱਤੀ। ਸਾਰੇ ਮੁਲਕ ਵਿਚ ਤਬਾਹੀ ਮੱਚ ਗਈ।

ਇਹ ਇਤਿਹਾਸਕਾਰ ਇਕ ਗੱਲ ਭੁਲ ਜਾਂਦੇ ਹਨ ਕਿ ਜਿਨ੍ਹਾਂ ਸ਼ਹਿਰਾਂ ਵਿਚ ਇਨ੍ਹਾਂ ਨੇ ਤਬਾਹੀ ਮਚਾਈ, ਉਹ ਸ਼ਹਿਰ ਮੁਗਲ ਜਰਵਾਣਿਆਂ ਦੇ ਸਦਰ ਮੁਕਾਮ ਸਨ। ਮਸਜਿਦਾਂ ਸਿਰਫ ਉਹ ਢਾਹੀਆਂ ਗਈਆਂ, ਜਿੱਥੇ ਈਮਾਨਦਾਰਾਂ ਦੀ ਥਾਂ ਤੇ ਜੱਲਾਦ ਵਸਦੇ ਸਨ। ਸਰਹਿੰਦ ਨੂੰ ਉਜਾੜ ਦਿਤਾ, ਪਰ ਸਰਹਿੰਦ ਦੇ ਨਾਲ ਲਗਦੇ ਮੁਗਲਾਂ ਤੇ ਅਬਦਾਲੀ ਬਾਦਸ਼ਾਹਾਂ ਦੇ ਮਕਬਰੇ ਜਿਉਂ ਦੇ ਤਿਉਂ ਰਹਿਣ ਦਿੱਤੇ, ਜੋ ਹੁਣ ਵੀ ਕਾਇਮ ਹਨ।

**੧੭੦੮ ਦੇ ਸਿਖ ਇਨਕਲਾਬ ਦਾ ਉਦੇਸ਼ ਸੁਤੰਤਰ ਪੰਜਾਬ ਦੀ ਸਥਾਪਨਾ ਸੀ—**

ਇੱਥੇ ਇਹ ਦਸਣਾ ਉਚਿਤ ਹੈ ਕਿ ਇਸ ਇਨਕਲਾਬ ਦਾ ਅਸਲੀ ਮੰਤਵ ਕੇਵਲ ਜ਼ਾਲਮਾਂ ਨੂੰ ਉਨ੍ਹਾਂ ਦੇ ਅਪਰਾਧਾਂ ਦੀ ਸਜ਼ਾ ਦੇਣਾ ਹੀ ਨਹੀਂ ਸੀ, ਗ਼ੁਲਾਮ ਮੁਹੱਈ-ਉਦ-ਦੀਨ ਅਨੁਸਾਰ ਉਨ੍ਹਾਂ ਨੇ ਮੁਲਕ ਤੇ ਕਬਜ਼ਾ ਕਰਨਾ ਵੀ ਸ਼ੁਰੂ ਕਰ ਦਿੱਤਾ। ਇਸ ਗੱਲ ਦਾ ਪਤਾ ਇਥੋਂ ਵੀ ਲੱਗਦਾ ਹੈ ਕਿ ਸਿੰਘਾਂ ਨੇ ਸਰਹਿੰਦ ਦੀ ਜਿੱਤ ਦੇ ਤੁਰੰਤ ਮਗਰੋਂ ਥਾਨੇਸਰ ਵਿਚ ਇਕ ਖੰਭਾ ਜਾਂ 'ਸਤੂਨ-ਇ-ਜੰਗ' ਖੜਾ ਕਰ ਦਿਤਾ। ਇਹ ਲੱਕੜੀ ਦਾ ਇਕ ਬਹੁਤ ਉੱਚਾ ਥੰਮ੍ਹਾ ਸੀ, ਜਿਸ ਉਤੇ ਇਹ ਇਬਾਰਤ ਉਕਰਵਾਈ ਗਈ ਕਿ ਐ ਦਿੱਲੀ ਦੇ ਬਾਦਸ਼ਾਹ! ਤੇਰਾ ਰਾਜ ਇਥੇ ਖ਼ਤਮ ਹੁੰਦਾ ਹੈ, ਇਸ ਤੋਂ ਅਗਾਂਹ ਵਧੋਗੇ ਤਾਂ ਸਿੰਘਾਂ ਨਾਲ ਲੋਹਾ ਲੈਣਾ ਪਏਗਾ। ਇਸ 'ਖੰਭੇ' ਭਾਵ 'ਸਤੂਨ-ਇ-ਜੰਗ' ਦੀ ਇੰਨੀ ਦਹਿਸ਼ਤ ਫੈਲੀ ਕਿ ਮੁਗਲ ਪ੍ਰਤੀਤ ਕਰਨ ਲੱਗੇ ਕਿ ਬਸ ਹੁਣ ਦਿੱਲੀ ਵਿਚ ਵੀ ਉਨ੍ਹਾਂ ਦਾ ਰਾਜ ਹਚਕੋਲੇ ਖਾਣ ਲਗੇਗਾ। 'ਰੁਹਬ-ਇ-ਸੁਲਤਾਨੀ' ਦਾ ਹੂੰਝਾ ਫੇਰਨ ਲਈ ਇਹ ਇਕ ਹੋਰ ਵੱਡਾ ਹਰਬਾ ਸੀ, ਜੋ ਇਨ੍ਹਾਂ ਸਿੰਘਾਂ ਨੇ ਸਫਲਤਾ ਨਾਲ ਵਰਤਿਆ। 'ਰੁਹਬ-ਇ-ਸੁਲਤਾਨੀ' ਦਾ ਨਾਸ਼ ਜੁ ਕਰਨਾ ਸੀ, ਇਸ ਲਈ ਕੋਈ ਵੀ ਹਰਬਾ ਕਾਰੀ ਹੋ ਸਕਦਾ ਸੀ।

ਸਰਹਿੰਦ ਦੀ ਜਿੱਤ ਉਪਰੰਤ ਬਾਬਾ ਬੰਦਾ ਸਿੰਘ ਨੇ ਸਾਰੇ ਸਿੱਖਾਂ ਨੂੰ ਜੋ ਹੁਕਮਨਾਮੇ ਲਿਖੇ, ਉਨ੍ਹਾਂ ਵਿਚ ਬਾਬਾ ਜੀ ਨੇ ਸਪੱਸ਼ਟ ਤੋਰ ਤੇ ਲੋਕਾਂ ਨੂੰ ਵਿਸ਼ਵਾਸ ਦਿਲਾ ਦਿੱਤਾ ਕਿ ਉਨ੍ਹਾਂ 'ਸਤਿਜੁਗ ਦੀ ਸਥਾਪਨਾ' ਕਰ ਲਈ ਹੈ।

ਬਾਬਾ ਜੀ ਵਲੋਂ 'ਸਤਿਜੁਗ' ਦੀ ਸਥਾਪਨਾ ਦਾ ਐਲਾਨ ਮੁਸਲਮਾਨ ਇਤਿਹਾਸਕਾਰਾਂ ਦੇ ਸਿੱਖਾਂ ਵਲੋਂ ਦੱਸੇ ਆਪਣੇ ਰਾਜਸੀ ਮੰਤਵ ਦੀ ਪੁਸ਼ਟੀ ਕਰਦਾ ਹੈ। ਇਸ ਹੁਕਮਨਾਮੇ ਅਤੇ ਇਸਦੇ ਪ੍ਰਤੀਕਰਮ ਨੇ ਮੁਗ਼ਲ ਸਫ਼ਾਂ ਵਿਚ ਲਾਜ਼ਮੀ ਤੋਰ ਤੇ ਮਾਯੂਸੀ ਫੈਲਾ ਦਿੱਤੀ ਹੋਣੀ ਹੈ। ਮਾਯੂਸੀ ਹਾਰ ਸ੍ਵੀਕਾਰ ਕਰਨ ਲਈ ਪਹਿਲਾ ਕਦਮ ਮੰਨਿਆ ਜਾਂਦਾ ਹੈ।

ਰਣਭੂਮੀ ਵਿਚ ਸਿੰਘਾਂ ਨੇ ਜੋ ਕਾਰਨਾਮੇ ਕਰ ਵਿਖਾਏ, ਉਨ੍ਹਾਂ ਨੂੰ ਵੇਖ ਕੇ ਵੀ ਮੁਗਲਾਂ ਦੇ ਦਿਲ ਦਹਿਲ ਗਏ। 'ਅਸਰਾਰ-ਇ-ਸਮਦੀ' ਦਾ ਲੇਖਕ ਦਸਦਾ ਹੈ :—

ਉਹ (ਸਿੰਘ) ਹਾਥੀਆਂ ਉਤੇ ਸ਼ੇਰਾਂ ਵਾਂਗ ਜਾ ਕੁੱਦਦੇ ਸਨ, ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਵਗਾਹ ਮਾਰਦੇ ਸਨ। ਉਹ ਚੀਤੇ ਦੀ ਤੇਜ਼ੀ ਵਾਂਗ ਪੈਦਲ ਉਥੇ ਜਾ ਪੁੱਜਦੇ ਸਨ ਜਿਥੇ ਤੇਜ਼ ਤੋਂ ਤੇਜ਼-ਰਫਤਾਰ ਘੋੜਾ ਵੀ ਜਾਣੋਂ ਕੰਨੀ ਕਤਰਾਂਦਾ ਸੀ।



www.AKJ.Org

ਇਹ ਵੈਰੀ ਨੂੰ ਚਕ੍ਰਿਤ ਕਰਨਾ ਵੀ ਜਾਣਦੇ ਸਨ। ੧੭੧੫ ਦਸੰਬਰ ਦੀ ਇਕ ਰਾਤ ਨੂੰ ਆਖ਼ਰਾਂ ਦੀ ਠੰਡ ਸੀ। ਬਹੁਤ ਭਾਰੀ ਵਰਖਾ ਪੈ ਰਹੀ ਸੀ। ਗੁਰਦਾਸਪੁਰਾ* ਦੀ ਗੜ੍ਹੀ ਦੁਆਲੇ, ਜਿੱਥੇ ਸਿੰਘ ਘਿਰੇ ਹੋਏ ਸਨ, ਚਿੱਕੜ ਹੀ ਚਿੱਕੜ ਸੀ। ਸਿੰਘ ਰਾਤ ਦੀ ਤਾਰੀਕੀ ਦੀ ਆੜ ਵਿਚ ਗੜ੍ਹੀ ਵਿਚੋਂ ਨਿਕਲੇ ਤੇ ਮੁਗਲਾਂ ਦੀ ਉਸ ਤੋਪ ਤਕ ਜਾ ਪਹੁੰਚੇ, ਜਿਸ ਨੇ ਦਿਨ ਵੇਲੇ ਗੜ੍ਹੀ ਦੇ ਅੰਦਰ ਆਪਣੀ ਮਾਰ ਨਾਲ ਤਬਾਹੀ ਮਚਾਈ ਹੋਈ ਸੀ। ਰੱਸੀਆਂ ਬੰਨ੍ਹ ਕੇ ਉਨ੍ਹਾਂ ਨੇ ਤੋਪ ਨੂੰ 'ਅਗਵਾ' ਕਰਨ ਦਾ ਯਤਨ ਕੀਤਾ। ਜਦੋਂ ਰੱਸੀਆਂ ਨਾਲ ਤੋਪ ਨੂੰ ਅੰਦਰ ਖਿੱਚਣ ਲੱਗੇ, ਤਾਂ ਤੋਪ ਧੜਾਮ ਕਰਕੇ 'ਦਮਾਮੇ' ਤੋਂ ਹੇਠਾਂ ਡਿੱਗ ਪਈ। ਇਸ ਤੋਪ ਦਾ ਇੰਨਾ ਖੜਾਕ ਹੋਇਆ ਕਿ ਸਾਰੇ ਮੁਗ਼ਲ ਕੈਂਪ ਉਤੇ ਡਰ ਤੇ ਸਹਿਮ ਛਾ ਗਿਆ। ਫਿਰ ਜਾ ਕੇ ਪਤਾ ਲੱਗਾ ਕਿ ਸਿੰਘ ਗੜ੍ਹੀ ਦੇ ਅੰਦਰੋਂ ਤੋਪ ਨੂੰ ਰੱਸੀਆਂ ਨਾਲ ਬੰਨ੍ਹ ਕੇ ਅੰਦਰ ਲਿਜਾਣ ਦਾ ਯਤਨ ਕਰ ਰਹੇ ਸਨ। ਵੈਰੀਆਂ ਨੂੰ ਚਕ੍ਰਿਤ ਕਰਨ ਲਈ ਇਹ ਇਕ ਅਨੋਖਾ ਤਰੀਕਾ ਸੀ।

ਸਿੰਘਾਂ ਨੇ ਕੇਵਲ ਫੌਜੀ ਜਿੱਤਾਂ ਤੇ ਹੀ ਸਬਰ ਨਾ ਕੀਤਾ। ਇਨ੍ਹਾਂ ਨੇ ਮੁਗ਼ਲਾਂ ਦੇ ਆਰਥਕ ਢਾਂਚੇ ਨੂੰ ਵੀ ਕਾਰੀ ਜ਼ਰਬ ਮਾਰੀ। ਸਾਰਾ ਮੁਗ਼ਲ ਪ੍ਰਬੰਧਕੀ ਨਜ਼ਾਮ ਜਾਗੀਰਦਾਰੀ ਪ੍ਰਥਾ ਦੇ ਸ਼ਿਕੰਜੇ ਵਿਚ ਸੀ, ਸਿੰਘਾਂ ਨੇ ਇਸ ਨਜ਼ਾਮ ਨੂੰ ਖੋਖਲਾ ਕਰਕੇ ਰੱਖ ਦਿੱਤਾ।

ਇਸ ਦੀ ਥਾਂ ਹੁਣ ਵਿਅਕਤੀਗਤ ਰੂਪ ਵਿਚ ਲੋਕੀਂ ਜ਼ਮੀਨਾਂ ਦੇ ਮਾਲਕ ਬਣ ਗਏ। ਇਸ ਤਬਦੀਲੀ ਨੇ ਮੁਗਲਾਂ ਦੇ ਆਰਥਕ ਤੇ ਪ੍ਰਬੰਧਕੀ ਢਾਂਚੇ ਨੂੰ ਹਲੂਣ ਕੇ ਰੱਖ ਦਿੱਤਾ। ਮੁਗ਼ਲਾਂ ਦਾ ਰਹਿੰਦਾ-ਖੂੰਹਦਾ ਵੱਕਾਰ ਵੀ ਮਿੱਟੀ ਵਿਚ ਮਿਲ ਗਿਆ। 'ਹਕੀਕਤ ਦਰ ਬਿਨਾ-ਇ-ਉਰੂਜ-ਇ-ਫ਼ਿਰਕਾ-ਇ-ਸਿੱਖਾਂ' ਦੇ ਲੇਖਕ ਨੇ ਉਕਤ ਵਿਚਾਰ ਦੀ ਪੁਸ਼ਟੀ ਕੀਤੀ ਹੈ।

**ਦੇਗ ਤੇਗ ਫ਼ਤਿਹ ਦੀ ਨੀਤੀ ਦੇ ਸੁਮੇਲ ਨੇ ਮੁਗਲਾਂ ਨੂੰ ਚਰਿਤ੍ਰ ਕਰ ਦਿਤਾ—**

'ਅਸਰਾਰ-ਇ-ਸਮਦੀ' ਵਿਚ ਵੀ ਇਸ ਗੱਲ ਦਾ ਇਕਬਾਲ ਕੀਤਾ ਗਿਆ ਹੈ ਕਿ ਸਿਘਾਂ ਦੀ ਸਫਲਤਾ ਦਾ ਕਾਰਨ ਉਹਨਾਂ ਦਾ 'ਦੇਗ ਅਤੇ ਤੇਗ' ਨੂੰ ਹਮੇਸ਼ਾ ਇਕੱਠਿਆਂ ਰੱਖਣਾ ਸੀ। 'ਦੇਗ' ਦੀ ਮਹੱਤਾ ਵਿਚ ਸਮੁੱਚੇ ਸਮਾਜ, ਵਿਸ਼ੇਸ਼ ਤੌਰ ਤੇ ਦੱਲਿਤ ਸਮਾਜ, ਨੂੰ ਉਪਰ ਚੁਕਣ ਦਾ ਫ਼ਲਸਫ਼ਾ ਕੰਮ ਕਰ ਰਿਹਾ ਸੀ। ਬਾਬਾ ਬਦਾ ਸਿੰਘ ਦੇ 'ਦੇਗ ਤੇਗ ਫਤਿਹ' ਦੇ ਨਾਅਰੇ ਨੇ ਹੀ ਪੰਜਾਬ ਦੇ ਦੁਖੀ ਲੋਕਾਂ ਨੂੰ ਸੁਖ ਦਾ ਅਮਲੀ ਰਾਹ ਦਿਖਾਇਆ ਅਤੇ ਉਨ੍ਹਾਂ ਇਹ ਨਾਅਰਾ ਮਾਰਿਆ—

ਦੇਗ ਤੇਗ ਫ਼ਤਿਹ, ਨੁਸਰਤ-ਇ-ਬੇਦਰੰਗ, ਯਾਫ਼ਤੇ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਮੁਗਲਾਂ ਨੇ 'ਦੇਗ ਤੇ ਤੇਗ' ਨੂੰ ਹਮੇਸ਼ਾ ਵੱਖਰਾ ਰੱਖਿਆ, ਸਿੰਘਾਂ ਨੇ ਇਸ ਨੂੰ ਇਕੱਠਿਆਂ ਕਰ ਦਿੱਤਾ। ਇਸ ਨਾਲ ਵੀ 'ਰੁਹਬ-ਇ-ਸੁਲਤਾਨੀ' ਨੂੰ ਕਰਾਰੀ ਸੱਟ ਵੱਜੀ।

**ਔਰਤ ਦਾ ਸਤਿਕਾਰ, ਛੋਟੀ ਤੋਂ ਛੋਟੀ ਲੜਕੀ ਵੀ 'ਬੁੜ੍ਹੀ' ਬਣ ਗਈ—**

ਪਰ ਸਭ ਤੋਂ ਵੱਡੀ ਗੱਲ ਜਿਸ ਨੇ ਮੁਗ਼ਲਾਂ ਦੇ 'ਸੁਲਤਾਨੀ ਰੁਹਬ', ਵੱਕਾਰ ਨੂੰ ਧੱਕਾ ਮਾਰਿਆ, ਉਹ ਸੀ ਉਹਨਾਂ ਦਾ ਨਿੱਜੀ ਕਿਰਦਾਰ ਅਤੇ ਸ਼ਖ਼ਸੀ ਆਚਰਣ। ਮੁਗ਼ਲ-ਸਮਾਜ ਵਿਚ ਔਰਤ ਲਈ ਕੋਈ ਆਦਰ-ਸਤਿਕਾਰ ਨਹੀਂ ਸੀ। ਸਿੰਘਾਂ ਬਾਰੇ ਗੁਲਾਮ ਮੁਹੱਈ-ਉਦ-ਦੀਨ ਲਿਖਦਾ ਹੈ ਕਿ ਇਹ 'ਖ਼ਬੀਸ, ਨਾਪਾਕ, ਨਿਲੱਜ ਤੇ ਗੰਦੇ ਲੋਕ ਹਨ ਅਤੇ ਹਰ ਔਰਤ ਨੂੰ ਮਾਂ ਸਮਝਦੇ ਹਨ'। ਸਿੱਖ ਸਮਾਜ ਹੀ ਇਕ ਵਾਹਿਦ ਸਮਾਜ ਹੈ ਜਿਸ ਨੇ ਔਰਤ ਨੂੰ ਬਰਾਬਰੀ ਦੇ ਹੱਕ ਦਿਤੇ। ਹਰ ਪਰਾਈ ਔਰਤ ਇਨ੍ਹਾਂ ਲਈ ਮਾਂ ਵਾਲੇ ਸਤਿਕਾਰ ਤੇ ਪਿਆਰ ਦੀ ਹੱਕਦਾਰ ਹੈ। ਸਿੱਖ ਧਰਮ ਦਾ ਪ੍ਰਭਾਵ ਇਥੋਂ ਤਕ ਹੁਣ ਵੀ ਕਾਇਮ ਹੈ ਕਿ ਸਿੱਖਾਂ ਲਈ ਛੋਟੀ ਤੋਂ ਛੋਟੀ ਲੜਕੀ ਵੀ 'ਬੁੜ੍ਹੀ' ਹੁੰਦੀ ਹੈ। ਇਸ ਬਰਾਬਰੀ ਨੇ ਸਿੱਖ ਸਮਾਜ ਨੂੰ ਤਾਂ ਤਕੜਿਆਂ ਕਰਨਾ ਹੀ ਸੀ, ਇਸ ਨੇ ਮੁਗ਼ਲਾਂ ਨੂੰ ਚਕ੍ਰਿਤ ਕਰ

*ਗੁਰਦਾਸ ਨੰਗਲ ਦੀ ਗੜ੍ਹੀ ਨੂੰ ੧੭੧੫ ਵਿਚ ਘੇਰਿਆ ਗਿਆ **ਸੀ**। ਪਰ ਕੈਪਟਨ ?ਸਵਰਨ ਸਿੰਘ ਜੀ ਦੀ ਖੋਜ ਅਨੁਸਾਰ ਤੋਪ ਨੂੰ ਅਗਵਾ ਕਰਨ ਦੀ ਇਹ ਘਟਨਾ ੧੭੧੨ ਈ: ਵਿਚ ਸਢੌਰੇ ਦੀ ਗੜ੍ਹੀ ਦੇ ਘੇਰੇ ਦੇ ਸਮੇਂ ਦੀ ਹੈ।



www.AKJ.Org

ਦਿੱਤਾ। ਇਸ ਤੋਂ ਉਪਜੀ ਹੈਰਾਨੀ ਨੇ ਉਹਨਾਂ ਨੂੰ ਸਿੱਖਾਂ ਤੋਂ ਭੈ-ਭੀਤ ਕਰ ਦਿੱਤਾ। ਉੱਚੇ ਆਚਰਣ ਦੀਆਂ ਪੁਖ਼ਤਾ ਨੀਂਹਾਂ ਤੇ ਰਾਜਨੀਤੀ ਦੀ ਉਸਾਰੀ ਕਰਨ ਵਾਲੇ 'ਰੁਹਬ-ਇ-ਸੁਲਤਾਨੀ' ਨੂੰ ਹਮੇਸ਼ਾ ਪੈਰਾਂ ਤੱਲੇ ਰੋਂਦ ਦੇਂਦੇ ਹਨ। ਉੱਚੇ ਆਚਰਣ ਦੀਆਂ ਪੁਖ਼ਤਾ ਨੀਂਹਾ ਤੇ ਉਸਰੀ ਰਾਜਨੀਤੀ 'ਰੁਹਬ-ਇ-ਸੁਲਤਾਨੀ' ਦਾ ਜਨਾਜ਼ਾ ਉਠਾ ਸਕਦੀ ਹੈ। ਸਿੰਘਾਂ ਦਾ ਅਚਰਣ ਜਿੰਨਾ ਉੱਚਾ ਸੀ, ਓਨਾ ਹੀ 'ਰੁਹਬ-ਇ-ਸੁਲਤਾਨੀ' ਉਹਨਾਂ ਸਾਹਮਣੇ ਹੇਚ ਸੀ।

ਇਹ ਸਨ ਉਕਤ ਵਿਚਾਰ, ਜੋ ਸਮਕਾਲੀ ਮੁਸਲਮਾਨ ਇਤਿਹਾਸਕਾਰਾਂ ਨੇ, ਸਿੰਘਾਂ ਪ੍ਰਤੀ ਵਿਰੋਧ ਦੇ ਬਾਵਜੂਦ ਸਿੰਘਾਂ ਦੇ ੧੭੦੮-੧੭੧੦ ਦੇ ਇਨਕਲਬ ਬਾਰੇ ਦਰਸਾਏ। ਅਨੇਕਾਂ ਹੋਰ ਵੀ ਕਾਰਨ ਹੋ ਸਕਦੇ ਸਨ, ਪਰ ਇਸ ਲੇਖ ਵਿਚ ਉਹਨਾਂ ਨੂੰ ਬਿਆਨ ਕਰਨਾ ਉਚਿੱਤ ਨਹੀਂ। ਅਲਬਤਾ ਮੌਲਵੀ ਗ਼ੁਲਾਮ ਹੁਸੈਨ ਨੇ 'ਫ਼ਤੂਹਾਤ-ਨਾਮਾ-ਇ-ਸਮਦੀ' ਵਿਚ ਸਿੰਘਾਂ ਦੀ ਇਕ ਹੋਰ ਵਿਸ਼ੇਸ਼ਤਾ ਦਾ ਵੀ ਸੰਖੇਪਾਕ ਵਰਣਨ ਕੀਤਾ ਹੈ। ਸਿੰਘਾਂ ਨੇ ਅਤਿ ਦੇ ਮੁਸ਼ਕਲ ਹਾਲਾਤ ਵਿਚ ਵੀ, ਹਾਲਾਤ ਦੇ ਤਕਾਜ਼ੇ ਅਨੁਸਾਰ ਲੜਨ ਨੂੰ ਪਰਸਪਰ ਖ਼ਾਨਾ-ਜੰਗੀ ਤੇ ਹਮੇਸ਼ਾ ਤਰਜੀਹ ਦਿੱਤੀ। ਬਾਬਾ ਬੰਦਾ ਸਿੰਘ ਨਾਲ ਕੁਝ ਸਿੰਘਾਂ ਨੂੰ ਫ਼ੌਜੀ ਚਾਲਾਂ ਬਾਰੇ ਮੱਤ-ਭੇਦ ਪੈਦਾ ਹੋ ਗਏ ਸਨ, ਪਰ ਉਨ੍ਹਾਂ ਨੇ ਖ਼ਾਨਾ-ਜੰਗੀ ਰਾਹੀਂ ਇਸ ਦਾ ਫ਼ੈਸਲਾ ਕਰਨ ਨਾਲੋਂ ਬਾਬਾ ਬੰਦਾ ਸਿੰਘ ਦੀ ਲੀਡਰਸ਼ਿਪ ਵਿਚ ਵਿਸ਼ਵਾਸ ਰਖਣ ਨੂੰ ਬਿਹਤਰ ਸਮਝਿਆ ਅਤੇ ਨਤੀਜਾ ਇਹ ਹੋਇਆ ਕਿ ਅਤਿ ਦੇ ਮੁਸ਼ਕਲ ਹਾਲਾਤ ਵਿਚ ਵੀ ਅਬਦਸਮੱਦ ਖ਼ਾਨ ਨੂੰ ਸਿੰਘਾਂ ਨਾਲ ਇਕ ਸਮਝੌਤੇ ਤੇ ਦਸਖ਼ਤ ਕਰਨ ਤੇ ਮਜਬੂਰ ਕਰ ਦਿਤਾ। ਇਹ ਵੱਖਰੀ ਗੱਲ ਹੈ ਕਿ ਅਬਦੁਸੱਮਦ ਖ਼ਾਨ ਨੇ ਇਸ ਸਮਝੌਤੇ ਨੂੰ ਨਾ ਨਿਭਾਇਆ, ਸਗੋਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਮਝੌਤਾ ਤਾਂ ਕੇਵਲ ਹਾਲਾਤ ਦੇ ਤਕਾਜ਼ੇ ਕਾਰਨ ਜਾਂ 'ਮਸਰਹਿਤ' ਕਾਰਨ ਕੀਤਾ ਗਿਆ ਸੀ, ਸਮਝੌਤੇ ਨੂੰ ਤੋੜ ਨਿਭਾਉਣਾ ਮੁਗ਼ਲਾਂ ਦਾ ਉਦੇਸ਼ ਨਹੀਂ ਸੀ। ਪਰ ਇਸ ਵਿਚ ਸਿੰਘਾਂ ਦਾ ਕੋਈ ਦੋਸ਼ ਨਹੀਂ ਸੀ। ਬੰਦਾ ਸਿੰਘ ਦੇ ਸਾਥੀ ਸਿੰਘਾਂ ਨੇ ਵੈਰੀ ਦੇ ਮੁਕਾਬਲੇ ਤੇ ਖ਼ਾਨਾ-ਜੰਗੀ ਦੀ ਖ਼ਤਰਨਾਕ ਖੇਡ ਨਾ ਖੇਡੀ। ਸਿੰਘਾਂ ਦੀਆਂ ਅਜਿਹੀਆਂ ਰੁਚੀਆਂ ਮੁਗ਼ਲਾਂ ਦੇ ਸਵੈ-ਵਿਸ਼ਵਾਸ ਨੂੰ ਡੁਲਾਣ ਵਿਚ ਸਹਾਇਕ ਸਨ। ਗ਼ੁਲਾਮ-ਮੁਹੱਈ-ਉਦ-ਦੀਨ ਇਨ੍ਹਾਂ ਗਵਾਹੀਆਂ ਦਾ ਸਮਕਾਲੀਨ ਤੇ ਇਤਬਾਰੀ ਗਵਾਹ ਹੈ।

ਇਸ ਲੇਖ ਲਈ ਹੇਠਲੀਆਂ ਪੁਸਤਕਾਂ ਤੋਂ ਲਾਭ ਉਠਾਇਆ ਗਿਆ—


੧. ਅਸਰਾਰ-ਇ-ਸਮਦੀ (ਪੰਜਾਬੀ ਅਨੁਵਾਦ) ਸੰਪਾਦਕ : ਪ੍ਰੋਫੈਸਰ ਗੁਰਬਖਸ਼ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (੧੯੭੨)।

੨. ਖ਼ਾਫੀ ਖ਼ਾਨ : ਮੁਨਤਖ਼ਬ-ਉਲ-ਲੁਬਾਬ (ਫ਼ਾਰਸੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

੩. ਫ਼ਤੂਹਾਤ-ਨਾਮਾ-ਇ-ਸਮਦੀ : ਮੌਲਵੀ ਗ਼ੁਲਾਮ ਮੁਹੱਈ-ਉਦ-ਦੀਨ (ਫ਼ਾਰਸੀ ਹੱਥ-ਲਿਖਤ), ਬ੍ਰਿਟਿਸ਼ ਮੀਊਜ਼ੀਅਮ ਲੰਡਨ(ਔਰ.੧੮੭੦)

੪. ਟ੍ਰਾਂਸਫਾਰਮੇਸ਼ਨ ਆਫ਼ ਸਿੱਖ-ਇਜ਼ਮ : ਗੋਕਲ ਚੰਦ ਨਾਰੰਗ।

੫. ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਸ : ਸੀ. ਐਚ. ਪੇਨ।


[ਗੁਰਮਤਿ ਪ੍ਰਕਾਸ਼, ਦਸੰਬਰ ੧੯੯੦


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੬-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੦੦ |
| (ਕੇਸਕੀ ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ (ਟਰੈਕਟ) | ੩-੫੦ | ਕੀ ਕੇਸ ਰਖਣੇ ਜ਼ਰਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR— A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੫ |
| Dawn of Divine wisdom | 0-75 | ਸ਼ਬਦ ਗੁਰੂ – ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ - ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦੇਸ਼ | | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |

www.AKJ.Org

# ਦਸਾਂ ਨਹੁੰਆਂ ਦੀ ਕਿਰਤ

(ਸ: ਸੰਗਤ ਸਿੰਘ ਜੀ ਹੀਰਾ, ਨਹਿਰੂ ਵਿਹਾਰ, ਦਿਲੀ–54)

**ਸ੍ਰੀ ਗੁਰੂ** ਨਾਨਕ ਦੇਵ ਜੀ ਨੇ ਜਦ ਜਗਤ-ਜਲੰਦੇ ਨੂੰ ਠਾਰਨ ਲਈ ਯਾਤ੍ਰਾ ਆਰੰਭ ਕੀਤੀ ਤਾਂ ਸੁਲਤਾਨਪੁਰ **ਵਿਖੇ ਮੋਦੀ ਦੇ** ਹੱਟ ਦਾ ਲੇਖਾ-ਜੋਖਾ ਕਰ ਕੇ, ਉਥੋਂ ਦੇ ਨਵਾਬ ਤੇ ਕਾਜ਼ੀ ਨੂੰ ਨਮਾਜ਼ ਸਮੇਂ ਰੱਬ ਨਾਲ ਸੱਚੇ ਦਿਲੋਂ **ਜੁੜਨ** ਦਾ ਉਪਦੇਸ਼ ਦੇ ਕੇ ਲਾਹੌਰ ਗਏ। ਉਥੋਂ ਦੇ ਕਸਾਈਆਂ ਹੱਥੀਂ ਬੇਦੋਸ਼ੇ ਜੀਆਂ, ਬਕਰੀਆਂ, ਗਊਆਂ ਆਦਿ **ਦੀ ਹਤਿਆ** ਕਰਾਉਣ ਵਾਲੇ ਕਾਜ਼ੀਆਂ ਮੌਲਵੀਆਂ ਦੇ ਕਾਰੇ ਨੂੰ ਕਹਿਰ ਦਸਦੇ ਹੋਏ, ਆਪਣੇ ਜਨਮ-ਅਸਥਾਨ **ਤਲਵੰਡੀ** (ਨਨਕਾਣਾ ਸਾਹਿਬ) ਪੁਜੇ।

ਤਲਵੰਡੀ ਵਿਖੇ ਆਪਣੇ ਮਾਪਿਆਂ ਦੀਆਂ ਖੁਸ਼ੀਆਂ ਲੈ ਕੇ ਸੰਸਾਰ-ਯਾਤਰਾ ਨੂੰ ਚਾਲ ਪਾ ਦਿਤੇ। ਸਭ ਤੋਂ **ਪਹਿਲਾਂ ਆਪ** ਜੀ ਨੇ ਹਿੰਦੂ-ਤੀਰਥਾਂ ਤੇ ਹੋ ਰਹੀਆਂ ਕੁਰੀਤੀਆਂ ਤੇ ਪਖੰਡ-ਕ੍ਰਿਰਿਆਂ ਦੇ ਪਾਜ ਖੋਲ੍ਹਣ ਲਈ ਇਰਾਦਾ **ਧਾਰ ਕੇ ਚਾਲੇ** ਪਾ ਦਿਤੇ। ਰਸਤੇ ਦੇ ਪਿੰਡਾਂ ਦੇ ਲੋਕਾਂ ਨੂੰ ਸੱਚ ਦਾ ਮਾਰਗ ਦਸਦੇ ਹੋਏ ਆਪ ਜੀ ਸੈਦਪੁਰ ਪੁਜੇ, **ਜੋ ਅੱਜ ਕਲ੍ਹ** ਐਮਨਾਬਾਦ ਦੇ ਨਾਂ ਨਾਲ ਮਸ਼ਹੂਰ ਹੈ। ਸੈਦਪੁਰ ਦੇ ਬਾਹਰਵਾਰ ਰੋੜਾਂ ਵਾਲੀ ਧਰਤੀ ਤੇ ਇਕ **ਇਕਾਂਤ ਅਸਥਾਨ** ਤੇ ਇਕ ਗਰੀਬ ਤਰਖਾਣ ਭਾਈ ਲਾਲੋ ਦੇ ਘਰ ਵਿਚ ਆ ਨਿਵਾਸ ਕੀਤਾ। ਇਸੇ ਅਸਥਾਨ **ਤੇ ਅੱਜ ਕਲ੍ਹ** ਸਤਿਗੁਰੂ ਜੀ ਦੀ ਪਵਿਤਰ ਯਾਦ ਵਿਚ ਗੁਰਦੁਆਰਾ ਰੋੜੀ ਸਾਹਿਬ ਸੁਭਾਇਮਾਨ ਹੈ। ਐਮਨਾਬਾਦ **ਗੁਜਰਾਂਵਾਲਾ** (ਪਾਕਿਸਤਾਨ) ਦੇ ਨੇੜੇ ਹੀ ਵਾਕਿਆ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਹਰ ਪੁੰਨਿਆ ਨੂੰ **ਗੁਜਰਾਂਵਾਲ ਤੋਂ** ਗੁਰਦਵਾਰਾ ਰੋੜ੍ਹੀ ਸਾਮਿਬ ਐਮਨਾਬਾਦ ਦੀ ਪੈਦਲ ਯਾਤਰਾ ਲਈ ਸਿੱਖ ਸੰਗਤਾਂ ਦੀ ਚੌਕੀ **ਚੜ੍ਹਦੀ ਹੁੰਦੀ ਸੀ।**

ਭਾਈ ਲਾਲੋ ਬੜਾ ਸਰਲ-ਚਿਤ ਅਤੇ ਸਤਸੰਗ ਬ੍ਰਿਤੀ ਵਾਲਾ ਪ੍ਰੇਮੀ ਜੀਊੜਾ ਸੀ। ਉਹ ਆਪਣੀ ਦਸਾਂ **ਨਹੁੰਆਂ ਦੀ ਕਿਰਤ**-ਕਮਾਈ ਵਿਚੋਂ ਆਏ ਗਏ ਸਾਧੂਆਂ ਸੰਤਾਂ ਅਤੇ ਨੇਕ ਪੁਰਸ਼ਾਂ ਦੀ ਯਥਾ ਯੋਗ ਸੇਵਾ ਕਰਦਾ। **ਉਹ ਆਪਣੀ ਗਰੀਬੀ** ਵਿਚ ਵੀ ਖ਼ਲਕਤ ਦੀ ਸੇਵਾ ਕਰ ਕੇ ਪ੍ਰਸੰਨ-ਚਿਤ ਰਹਿੰਦਾ ਸੀ। ਸਤਿਗੁਰੂ ਜੀ ਦੇ ਉਸ ਦੀ **ਛਪਰੀ ਵਿਚ ਆ** ਟਿਕਣ ਕਰਕੇ ਕਈ ਸਤਸੰਗੀ ਉਥੇ ਆਉਣ ਲੱਗ ਪਏ ਅਤੇ ਸਤਿਗੁਰੂ ਜੀ ਦੇ ਸ਼ੁਭ ਉਪਦੇਸ਼ ਤੋਂ **ਨਿਵਾਜੇ ਜਾਣ ਲਗੇ।**

**ਸੈਦਪੁਰ** ਵਿਖੇ ਹੀ ਜ਼ਾਲਮ ਖ਼ਾਂ ਫੌਜਦਾਰ ਦਾ ਅਹਿਲਕਾਰ ਮਲਕ ਭਾਗੋ ਰਹਿੰਦਾ ਸੀ, ਜੋ ਹੇਰੜ ਜਾਤ ਦਾ **ਖੱਤਰੀ ਹੋਣ ਕਰਕੇ** ਜਾਤ-ਅਭਿਮਾਨ ਵਿਚ ਕਿਸੇ ਨੂੰ ਕੁਝ ਬਿਦਦਾ ਹੀ ਨਹੀਂ ਸੀ। ਉਹ ਬੜਾ ਰਿਸ਼ਵਤਖੋਰ ਅਤੇ **ਕਰੜੇ ਸੁਭਾਅ** ਦਾ ਸੀ। ਲੁਕਾਈ ਉਸ ਦੇ ਹਥੋਂ ਕਾਫੀ ਤੰਗ ਅਤੇ ਦੁਖੀ ਸੀ। ਇਨ੍ਹਾਂ ਦਿਨਾਂ ਵਿਚ ਮਲਕ ਭਾਗੋ ਨੇ **ਆਪਣੇ ਪਿਉ** ਦੇ ਸ਼ਰਾਧ ਸਮੇਂ ਬ੍ਰਹਮ-ਭੋਜ ਕੀਤਾ, ਜਿਸ ਵਿਚ ਉਸ ਨੇ ਸਭ ਬ੍ਰਾਹਮਣਾਂ ਅਤੇ ਸੰਤਾਂ ਸਾਧਾਂ ਨੂੰ **ਨਿਉਂਦਾ ਦਿਤਾ।** ਬ੍ਰਾਹਮਣ ਤੇ ਸਾਧ ਸੰਤ ਉਸ ਦੇ ਸੱਦੇ ਤੇ ਹੁਮ-ਹੁਮਾ ਕੇ ਉਥੇ ਪੁਜੇ ਅਤੇ ਖ਼ੂਬ ਰਜ ਰਜ ਕੇ **ਕਈ ਤਰ੍ਹਾਂ ਦੇ** ਪਕਵਾਨ ਖਾਧੇ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੀ ਬ੍ਰਹਮ ਭੋਜ ਛਕਣ ਲਈ ਸੱਦਾ ਭੇਜਿਆ ਗਿਆ **ਸੀ, ਪਰ ਸਤਿਗੁਰੂ** ਜੀ ਨੇ ਉਥੇ ਜਾਣ ਤੇ ਸਿਰ ਫੇਰ ਦਿਤਾ।

**ਮਲਕ** ਭਾਗੋ ਨੇ ਗੁਰੂ ਸਾਹਿਬ ਦੇ ਬ੍ਰਹਮ ਭੋਜ ਤੇ ਨਾ ਆਉਣ ਨੂੰ ਆਪਣੀ ਬੇਇਜ਼ਤੀ ਸਮਝਿਆ। ਆਪ ਨੂੰ **ਬੁਲਾਇਆ ਗਿਆ** ਤਾਂ ਸਤਿਗੁਰੂ ਜੀ ਹੰਕਾਰੀ ਤੇ ਵਡਖੋਰ ਮਲਕ ਦੇ ਖੋਟ ਦਾ ਪਾਜ ਉਘੇੜਨ ਲਈ ਉਥੇ ਪੁਜ **ਗਏ, ਜਿਥੇ** ਹੋਰ ਭੀ ਕਾਫੀ ਇਕੱਠ ਹੋਇਆ ਸੀ।

ਉਦੋਂ ਊਚ-ਨੀਚ ਦਾ ਭਾਰਤ ਵਿਚ ਬਹੁਤ ਚਰਚਾ ਸੀ। ਉਚੀ ਜਾਤੀ ਦੇ ਲੋਕ ਕਿਸੇ ਛੋਟੀ ਜਾਤ ਨਾਲ **ਛੂਹ ਜਾਣ ਨੂੰ** ਭੀ ਭਿਟ ਸਮਝਦੇ ਸਨ। ਮਲਕ ਆਪਣੇ ਆਪ ਨੂੰ ਉਚ-ਜਾਤੀਆ ਖਤਰੀ ਸਮਝਦਾ ਅਤੇ ਭਾਈ ਲਾਲੋ **ਨੂੰ ਸਵਰਨ** ਹਿੰਦੂ ਅਛੂਤ ਜਾਣ ਕੇ ਉਸ ਨੂੰ ਸ਼ੂਦਰ ਜਾਣਦਾ ਸੀ। ਪਰ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਨਜ਼ਰਾਂ



www.AKJ.Org

ਵਿਚ ਕੋਈ ਜੀਵ ਆਪਣੇ ਚੰਗੇ ਮੰਦੇ ਕਰਮਾਂ ਕਰਕੇ ਹੀ ਉਚ ਨੀਚ ਹੋ ਸਕਦਾ ਹੈ। ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਹੰਕਾਰੀਆਂ ਵਲੋਂ ਤ੍ਰਿਸਕਾਰੇ ਹੋਏ ਨੀਚ ਜਾਤੀਆਂ ਨਾਲ ਸਾਂਝ ਪਾਉਣ ਵਿਚ ਅਤੇ ਆਪਣੇ ਆਪ ਨੂੰ ਗਰੀਬੀ ਵਿਚ ਵਿਚਰਨ ਲਈ ਉਪਦੇਸ਼ ਦਿੰਦਿਆਂ ਉਚਾਰਿਆ ਹੈ—

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (ਸਿਰੀ ਰਾਗੁ ਮ: ੧, ਪੰਨਾ ੧੫

ਸਤਿਗੁਰੂ ਜੀ ਦੇ ਉਥੇ ਪੁਜਣ ਤੇ ਮਲਕ ਭਾਗੋ ਕ੍ਰੋਧ ਵਿਚ ਔਖਾ ਹੋ ਕੇ ਬੋਲਿਆ, ਮੈਂ ਉਚ ਜਾਤੀ ਦਾ ਖਤਰੀ ਹਾਂ, ਤੁਸੀਂ ਵੀ ਉਚੀ ਬੇਦੀ ਵੰਸ ਦੇ ਖਤਰੀ ਹੋ, ਪਰ ਤੁਸੀਂ ਇਕ ਨੀਚ ਜਾਤ ਦੇ ਸੂਦਰ ਪਾਸ ਟਿਕੇ ਹੋਏ ਹੋ ਅਤੇ ਉਸ ਦੇ ਰੁਖੇ ਮਿਸੇ ਟੁਕੜੇ ਖਾ ਕੇ ਝਟ ਟਪਾ ਰਹੇ ਹੋ। ਮੈਂ ਬ੍ਰਹਮ ਭੋਜ ਕੀਤਾ, ਕਈ ਤਰ੍ਹਾਂ ਦੇ ਪਕਵਾਨ ਤਿਆਰ ਕਰਵਾਏ। ਮੇਰੇ ਬ੍ਰਹਮ ਭੋਜ ਵਿਚ ਸਭ ਸਾਧਾਂ ਸੰਤਾਂ ਤੇ ਬ੍ਰਾਹਮਣਾਂ ਨੇ ਆ ਕੇ ਭੋਜਨ ਖਾਧੇ, ਪਰ ਤੁਸੀਂ ਹੋ ਕਿ ਜਿਨ੍ਹਾਂ ਨੇ ਮੇਰੇ ਕੀਤੇ ਬ੍ਰਹਮ-ਭੋਜ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ। ਆਖ਼ਰ ਇਹ ਕਿਉਂ ?

ਸਤਿਗੁਰੂ ਜੀ ਪ੍ਰਭੂ ਦੀ ਓਟ ਵਿਚ ਬੇਖ਼ੌਫ਼ ਤੇ ਨਿਧੜਕ ਵਿਚਰ ਰਹੇ ਸਨ। ਉਨ੍ਹਾਂ ਨੂੰ ਕਿਸੇ ਹਕੂਮਤ ਜਾਂ ਵਡੇ ਅਖਵਾਂਦੇ ਮਾਣਮੱਤੇ ਦਾ ਕੋਈ ਭੈ, ਡਰਾ-ਧਮਕਾ ਨਹੀਂ ਸਕਦਾ ਸੀ। ਉਨ੍ਹਾਂ ਨੇ ਭਰੇ ਇਕੱਠ ਵਿਚ ਉਸ ਨੂੰ ਇਸ ਭਾਵ ਦੇ ਆਪਣੇ ਮਿੱਠੇ ਬਚਨਾਂ ਰਾਹੀਂ ਸਮਝਾਇਆ ਕਿ ਪ੍ਰਭੂ ਨੂੰ ਪਿਆਰ ਕਰਨ ਵਾਲੇ ਪ੍ਰੇਮ ਦੇ ਭੁਖੇ ਹੁੰਦੇ ਹਨ, ਉਨ੍ਹਾਂ ਨੂੰ ਵਧੀਆ ਭੋਜਨਾਂ ਦੇ ਛਕਣ ਛਕਾਣ ਦੀ ਤ੍ਰਿਸ਼ਨਾ ਨਹੀਂ ਹੁੰਦੀ। ਉਨ੍ਹਾਂ ਨੂੰ ਸੁੱਚੀ ਕਿਰਤ-ਕਮਾਈ ਵਿਚੋਂ ਜੋ ਰਿਝਾ ਪਕਾ ਮਿਲ ਜਾਏ, ਉਹ ਅੰਮ੍ਰਿਤ ਹੈ। ਸਤਿਗੁਰੂ ਜੀ ਨੇ ਸਾਰੇ ਪਰ੍ਹੇ ਵਿਚ ਬੈਠਿਆਂ ਉਸ ਨੂੰ ਤਾੜਨਾ ਕੀਤੀ ਕਿ ਤੇਰੀ ਕਮਾਈ ਨੇਕ ਨਹੀਂ ਹੈ, ਰਿਸ਼ਵਤ ਅਤੇ ਲੋਕਾਈ ਨੂੰ ਦੁਖੀ ਕਰਕੇ ਉਸ ਤੋਂ ਖੋਹੀ-ਖਿੰਝੀ ਮਾਇਆ ਤੋਂ ਤਿਆਰ ਕੀਤੇ ਪਕਵਾਨ ਵਿਚ ਲੋਕਾਂ ਦਾ ਲਹੂ ਹੈ। ਐਸਾ ਖਾਧਾ ਭੋਜਨ ਮਨ ਦੀ ਸੁਰਤੀ ਬ੍ਰਿਤੀ ਨੂੰ ਵੀ ਖਰਾਬ ਕਰਦਾ ਹੈ। ਸਾਰਿਆਂ ਦੇ ਸਾਹਮਣੇ ਮਲਕ ਦੀ ਬੜੀ ਨਮੋਸ਼ੀ ਹੋਈ ਤਾਂ ਉਹ ਫਿਰ ਵੀ ਤਿੜ-ਫਿੜ ਕਰੀ ਜਾਏ। ਤਾਂ ਇਤਿਹਾਸ ਦਸਦਾ ਹੈ ਕਿ ਸਤਿਗੁਰੂ ਜੀ ਨੇ ਭਾਈ ਲਾਲੋ ਜੀ ਪਾਸੋਂ ਇਕ ਰੋਟੀ ਮੰਗਵਾਈ ਤੇ ਮਲਕ ਭਾਗੋ ਤੋਂ ਵੀ ਉਸ ਦੇ ਪਕਵਾਨ ਦੋਹਾਂ ਹੱਥਾਂ ਵਿਚ ਇਕ ਇਕ ਨੂੰ ਫੜ ਕੇ ਨਿਚੋੜਿਆ ਤਾਂ ਮਲਕ ਦੇ ਪਕਵਾਨਾਂ ਵਿਚੋਂ ਲਹੂ ਚੋਅ ਨਿਕਲਿਆ ਅਤੇ ਭਾਈ ਲਾਲੋ ਜੀ ਦੀ ਰੋਟੀ ਤੋਂ ਅੰਮ੍ਰਿਤ ਸਮਾਨ ਦੁੱਧ ਟਪਕ ਪਿਆ।

ਮਲਕ ਭਾਗੋ ਦਾ ਪਾਰਾ ਉਤਰ ਗਿਆ, ਸਾਰਿਆਂ ਦੇ ਸਾਹਮਣੇ ਬੜਾ ਸ਼ਰਮਿੰਦਾ ਹੋਇਆ ਅਤੇ ਅੱਖਾਂ ਨੀਵੀਆਂ ਕਰ ਲਈਆਂ।

ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਫੁਰਮਾਇਆ—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨਾ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥੭॥ (ਵਾਰ ਮਾਝ, ਮ: ੧, ਪੰਨਾ ੧੪੧

ਸਤਿਗੁਰਾਂ ਨੇ ਸਪੱਸ਼ਟ ਕੀਤਾ ਕਿ ਸੰਸਾਰ ਵਿਚ ਕਈ ਜਾਤ-ਪਾਤ ਨਹੀਂ, ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਉਹੋ ਉਸ ਦੀ ਜਾਤ ਹੈ :—ਜਾਤਿ ਜਨਮੁ ਨਹ ਪੂਛੀਐ, ਸਚ ਘਰ ਲੇਹੁ ਬਤਾਇ ॥

ਸਾ ਜਾਤਿ ਸਾ ਪਤਿ ਹੈ, ਜੇਹੇ ਕਰਮ ਕਮਾਇ ॥
ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥੪॥੧੦॥ (ਪ੍ਰਭਾਤੀ ਮ: ੧, ਪੰਨਾ ੧੩੩੦

ਮਲਕ ਭਾਗੋ ਦੀਆਂ ਅੱਖਾਂ ਤੋਂ ਹਕੂਮਤ ਦੇ ਨਸ਼ੇ ਦਾ ਪਿਆ ਪਰਦਾ ਹਟ ਗਿਆ ਤੇ ਉਹ ਸਤਿਗੁਰਾਂ ਦੇ


(ਬਾਕੀ ੨੫ ਸਫ਼ੇ ਦੇ ਹੇਠ)


www.AKJ.Org

# ਗੁਰੂ ਕੇ ਬਾਗ ਦਾ ਮੋਰਚਾ

## (ਕੁਝ ਨਵੇਂ ਨਰੋਏ ਤੱਥ)

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ]

**੧. ਭੂਮਿਕਾ**—ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ (੨੧ ਫਰਵਰੀ ੧੯੨੧) ਉਪਰੰਤ, ਸਿੱਖਾਂ (ਤੱਤ ਖਾਲਸੇ) ਅੰਦਰ ਗੁਰਦੁਆਰਿਆਂ ਦੀ ਪਵਿੱਤ੍ਰਤਾ ਤੇ ਧਾਰਮਿਕ ਮਰਯਾਦਾ ਨੂੰ ਸੁਰਜੀਤ ਰੱਖਣ ਲਈ ਮਹਾਨ ਜੋਸ਼, ਜਜ਼ਬਾ ਤੇ ਉਤਸ਼ਾਹ ਉਪਜਿਆ। ਵਕਾਰੀ, ਅਣਖੀ ਜੀਵਨ ਲਈ ਸੰਘਰਸ਼ ਕਰਨ ਦੇ ਅਜਿਹੇ ਵਲਵਲਿਆਂ ਨੇ ਜਨਮ ਲਿਆ ਜਿਵੇਂ ਕਿ ਆਕਾਸ਼ੀ ਪ੍ਰੇਰਨਾ ਮਿਲੀ ਹੁੰਦੀ ਹੈ ਤੇ ਸਤਿਗੁਰੂ ਅੰਗ ਸੰਗ ਸਹਾਈ ਹੁੰਦੇ ਹਨ। ਅੰਗਰੇਜ਼ੀ ਸਰਕਾਰ ਕੋਲੋਂ ਅਜਿਹੀ ਵੇਗ-ਧਾਰਾ ਦੀ ਕਾਂਗ ਝੱਲੀ ਨਾ ਗਈ। ਸਰਕਾਰ ਨੇ ਗੁਰਦੁਆਰਿਆਂ ਦੇ ਪ੍ਰਬੰਧ ਖਾਤਰ ਕਾਨੂੰਨ ਬਨਾਉਣ ਦੀ ਵਿਉਂਤ ਨੂੰ ਉਤਸਾਹਿਤ ਕੀਤਾ,ਪਰ ਸਰਬ ਭਾਰਤ ਉਦਾਸੀ ਮਹਾਂ ਮੰਡਲ ਤੇ ਸਹਿਜਧਾਰੀ ਅਖਵਾਂਦੀਆਂ ਸਿੱਖ ਜਥੇਬੰਦੀਆਂ ਨੇ ਸਰਕਾਰ ਪਾਸ ਦਰਖਾਸਤਾਂ ਤੇ ਮਤਿਆਂ ਰਾਹੀਂ ਕੁਝ ਸ਼ੰਕੇ ਤੇ ਭਰਮ ਭਉ ਜ਼ਾਹਰ ਕੀਤੇ।

**੨. ਮੋਰਚੇ ਦਾ ਅਰੰਭ ਤੇ ਗ੍ਰਿਫਤਾਰੀਆਂ**—ਇਸ ਸਮੇਂ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਗੁਰਦੁਆਰਿਆਂ, ਗੁਰੂ ਕੇ ਬਾਗ ਸੰਬੰਧੀ ਸਰਕਾਰ ਤੇ ਤੱਤ ਖਾਲਸੇ ਵਿਚ ਮੋਰਚਾ ਲੱਗ ਗਿਆ। ਜਨਵਰੀ ੧੯੨੧ ਵਿਚ ਮਹੰਤ ਸੁੰਦਰ ਦਾਸ ਤੇ ਪ੍ਰੇਰਨਾ ਸਹਿਤ ਦਬਾ ਪਾਇਆ ਗਿਆ ਕਿ ਉਹ ਆਪਣੇ ਆਚਰਣ, ਸਦਾਚਾਰ ਤੇ ਵਿਹਾਰ ਵਤੀਰੇ ਵਿਚ ਸੋਧ ਕਰੇ। ਇਕ ਪ੍ਰਬੰਧਕ ਕਮੇਟੀ ਬਣਾ ਦਿੱਤੀ ਗਈ, ਜੋ ਮਹੰਤ ਦੇ ਕਾਰ-ਵਿਹਾਰ ਦੀ ਨਿਗਰਾਨੀ ਕਰੇ ਅਤੇ ਸ੍ਰੀ ਸੁੰਦਰ ਦਾਸ ਮਹੰਤ ਨੂੰ ਹੀ ਗੁਰਦੁਆਰੇ ਦਾ ਮੈਨੇਜਰ ਰਹਿਣ ਦਿੱਤਾ ਗਿਆ। ਲੰਗਰ ਤੇ ਕਥਾ ਕੀਰਤਨ, ਸੇਵਾ ਸੰਭਾਲ ਚਾਲੂ ਹੋ ਗਏ। ਪਰ ਮਾਰਚ ੧੯੨੧ ਵਿਚ ਮਹੰਤ ਨੇ ਅਜਿਹੇ ਪ੍ਰਬੰਧ ਨੂੰ ਖੰਡਨ ਕਰ ਦਿੱਤਾ ਤੇ ਪ੍ਰਬੰਧਕ ਕਮੇਟੀ ਦੇ ਦਫਤਰ ਤੇ ਕਾਬਜ਼ ਹੋ ਕੇ ਰਿਕਾਰਡ ਆਦਿ ਤਬਾਹ ਕਰ ਦਿੱਤਾ। ਕੁਝ ਸਮੇਂ ਪਿਛੋਂ ਇਕ ਅਕਾਲੀ ਜਥੇ ਨੇ ਮਹੰਤ ਦੀ ਗੈਰਹਾਜ਼ਰੀ ਵਿਚ ਗੁਰਦੁਆਰੇ ਦੀ ਸੇਵਾ ਸੰਭਾਲ ਲਈ। ਗੁਰਦੁਆਰੇ ਵਿਚ ਗੁਰੂ ਕੇ ਲੰਗਰ ਲਈ ਅਕਾਲੀਆਂ ਨੇ ਇਕ ਦਰੱਖਤ ਵੱਢ ਲਿਆ। ਮਹੰਤ ਨੇ ਡਿਪਟੀ ਕਮਿਸ਼ਨਰ ਨੂੰ ਮਿਲ ਕੇ ਕੁਝ ਅਕਾਲੀ ਗ੍ਰਿਫਤਾਰ ਕਰਵਾ ਦਿੱਤ। ਕੁਝ ਦਿਨਾਂ ਪਿਛੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਖਣ ਤੇ ਹੋਰ ਦਰੱਖਤ ਵਢ ਲਏ ਗਏ। ਮਹੰਤ ਦੇ ਸ਼ਿਕਾਇਤ ਕਰਨ ਤੇ ਹੋਰ ਅਕਾਲੀ ਫੜ ਲਏ ਗਏ। ਪਰ ਪੁਲੀਸ ਦੇ ਮੌਜੂਦ ਹੁੰਦਿਆਂ ਹੋਇਆਂ ਵੀ ਅਕਾਲੀ ਲੱਕੜੀਆਂ ਵੱਢਦੇ ਰਹੇ। ਪੁਲੀਸ ਗ੍ਰਿਫਤਾਰੀਆਂ ਕਰਦੀ ਰਹੀ। ੯ ਅਗਸਤ ੧੯੨੨ ਨੂੰ ਪੰਜ ਸਿੰਘਾਂ ਤੇ ਲੱਕੜੀ ਦੀ ਚੋਰੀ ਦਾ ਕੇਸ ਬਣਾ ਕੇ ਉਸੇ ਦਿਨ ਛੇ ਛੇ ਮਹੀਨੇ ਦੀ ਕੈਦ ਤੇ ਪੰਜਾਹ ਪੰਜਾਹ ਰੁਪਏ ਜੁਰਮਾਨਾ ਕਰ ਦਿੱਤਾ ਗਿਆ। ੨੪ ਅਗਸਤ ੧੯੨੨ ਤੱਕ ੧੦੦ ਤੋਂ ਵਧੀਕ ਅਕਾਲੀ ਬੰਦੀ ਬਣਾ ਲਏ ਗਏ। ਸਰਕਾਰ ਦੇ, ਗੁਰਦੁਆਰਾ ਪ੍ਰਬੰਧ ਅੰਦਰ ਖਾਹ-ਮਖਾਹ ਦਖਲ ਦੇਣ ਨੇ ਝਗੜੇ ਵਿਚ ਵਾਧਾ ਕੀਤਾ। ਇਹ ਗੁਰਦੁਆਰਾ-ਜਾਇਦਾਦਾਂ ਸਿੱਖ ਪੰਥ ਦੀ ਮਾਲਕੀ ਸਨ, ਮਹੰਤ ਕੇਵਲ ਨਿਗਰਾਨ ਸੀ। ੨੬ ਅਗਸਤ, ੧੯੨੨ ਤੱਕ, ਭਾਵ ਦੋ ਦਿਨ ਅੰਦਰ ਕੋਈ ੧੨੦੦ ਸੂਰਮੇ ਗੁਰੂ ਕੇ ਬਾਗ ਅੰਦਰ ਇਕੱਤਰ ਹੋ ਗਏ। ਸਰਕਾਰ ਨੇ ਅੰਨ੍ਹੇਵਾਹ ਗ੍ਰਿਫਤਾਰੀਆਂ ਸ਼ੁਰੂ ਕਰ ਕੇ, ਮਾਰ ਕੁਟਾਈ ਆਰੰਭ ਦਿੱਤੀ। ਅੰਮ੍ਰਿਤਸਰ ਵਿਚ ਦੀਵਾਨ ਸਜਾਏ ਗਏ। ਅਗਸਤ ਦੇ ਅੰਤ ਤੱਕ ਛੇ ਹਜ਼ਾਰ ਸਿੰਘ ਗੁਰਦੁਆਰੇ ਵਿਚ ਜਮ੍ਹਾ ਹੋ ਗਏ। ਡਿਪਟੀ ਕਮਿਸ਼ਨਰ ਵੀ ਨਿਗਾਹ ਰੱਖ ਰਿਹਾ ਸੀ। **ਸਰਕਾਰ ਸਿੰਘਾਂ ਨਾਲ ਪੰਜਾ ਫਸਾ ਕੇ ਪੰਗਾ ਲੈਣ ਤੋਂ ਡਰਦੀ ਹੋਈ ਵੀ ਮਹੰਤ ਦੀ ਸਹਾਇਤਾ ਕਰਨ ਲਈ ਤੁਲ ਗਈ। ਸਰਕਾਰ ਗੁਰਦੁਆਰਿਆਂ ਤੇ ਸਿੱਖ ਪੰਥ ਦੇ ਪ੍ਰਬੰਧਕੀ ਹੱਕਾਂ ਨੂੰ ਮਾਨਤਾ ਨਹੀਂ ਸੀ ਦੇਣਾ ਚਾਹੁੰਦੀ ਅਤੇ ਪੱਕੇ ਪੈਰਾਂ ਤੇ ਡਟ ਗਈ। ਗੁਰੂ ਕੇ ਬਾਗ ਦੇ ਸਾਰੇ ਨਾਕਿਆਂ ਤੇ ਪੋਲੀਸ ਚੌਕੀਆਂ ਨੀਯਤ ਕਰਕੇ, ਅਕਾਲੀਆਂ ਦੀ ਆਵਾਜਾਈ ਬੰਦ ਕਰ ਦਿੱਤੀ ਤੇ ਅੰਦਰ ਰਾਸ਼ਨ, ਖਾਧ ਖ਼ੁਰਾਕ ਵੀ ਨਹੀਂ ਲੈ ਜਾ ਸਕੀਦਾ ਸੀ।** ਫੌਜ ਵੀ ਭੇਜ ਦਿੱਤੀ ਗਈ।



www.AKJ.Org

ਅੰਮ੍ਰਿਤਸਰ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰਾਂ ਤੇ ਛਾਪੇ ਮਾਰੇ ਗਏ । ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ । ਅੰਮ੍ਰਿਤਸਰ ਨੂੰ ਮੋਰਚੇ ਦਾ ਮੁੱਖ ਮੁਢ-ਸਥਾਨ ਬਣਨ ਵਿਚ ਰੁਕਾਵਟਾਂ ਪਾਈਆਂ ਗਈਆਂ, ਪਰ ਜਿਉਂ ਜਿਉਂ ਸਰਕਾਰ ਆਪਣੇ ਹਥ ਕੰਡੇ ਵਰਤਦੀ, ਤਿਉਂ ਤਿਉਂ ਹੀ ਤੱਤ ਖਾਲਸੇ ਅੰਦਰ ਰੋਹ, ਰੋਸ, ਕਰਨੀ, ਕੁਰਬਾਨੀ ਦੇ ਚਾਅ ਅਤੇ ਰੀਝਾਂ ਬਝਦੀਆਂ ।

ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ । (੧੩੬੭)

**੩. ਸਤਿਆਗ੍ਰਹੀ ਜਥੇ ਅਤੇ ਮਾਰਾਂ ਕੁਟਾਂ ਤੇ ਤਸੀਹੇ**–ਸ਼੍ਰੋਮਣੀ ਕਮੇਟੀ ਨੇ ੫੦ ਸਿੰਘਾਂ ਦਾ ਇਕ ਜਥਾ ਭੇਜਿਆ । ਪੁਲੀਸ ਨੇ ਜਥੇ ਨੂੰ ਰੋਕਿਆ, ਪਰ ਸਿੰਘਾਂ ਨੇ ਗੁਰਦੁਆਰੇ ਜਾਣ ਦਾ ਦ੍ਰਿੜ੍ਹ ਨਿਸ਼ਚਾ ਪ੍ਰਗਟਾਇਆ । ਪੁਲੀਸ ਨੇ ਸੀਨਾਜ਼ੋਰੀ ਕਰਕੇ ਕੁਟਮਾਰ ਕੀਤੀ । ਸ਼੍ਰੋਮਣੀ ਕਮੇਟੀ ਨੇ ਸ਼ਾਂਤ, ਸਿਵਲ ਨਾਫੁਰਮਾਨੀ ਦਾ ਐਲਾਨ ਕਰਕੇ ਮੋਰਚਾ ਲਾ ਦਿੱਤਾ । ਨਿਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਿਯਮਨੁਸਾਰ ਦੀਵਾਨ ਸਜਦਾ; ਪੂਰਨ ਗੁਰਮਤਿ ਅਨੁਸਾਰ ਮਰਜੀਵੜੇ ਆਪਾ-ਵਾਰੂਆਂ ਦਾ ਜੱਥਾ ਗੁਰੂ ਕੇ ਬਾਗ ਭੇਜਿਆ ਜਾਂਦਾ । ਪਰ **ਪੁਲੀਸ ਦੀਆਂ ਸੰਮਾਂ ਵਾਲੀਆਂ ਲਾਠੀਆਂ, ਗੋਲੀਆਂ, ਮਾਰਾਂ ਕੁੱਟਾਂ ਦੇ ਬਾਵਜੂਦ ਵੀ ਨਿਹੱਥੇ ਸਿੰਘ, ਤਾਣ ਹੁੰਦਿਆਂ ਨਿਤਾਣੇ ਹੋ ਕੇ ਅੱਤ ਦਰਜੇ ਦੀ ਸ਼ਾਂਤ ਸਹਿਨਸ਼ੀਲਤਾ ਸਹਿਤ, ਭਾਣਾ ਮੰਨਦੇ ਹੋਏ 'ਵਾਹਿਗੁਰੂ' ਉਚਾਰਦੇ ਹੋਏ, ਜ਼ਾਲਿਮ ਹਕੂਮਤ ਦੇ ਪੁਲੀਸੀ ਚਾਟੜਿਆਂ ਹੱਥੋਂ ਤਸੀਹੇ ਸਹਿੰਦੇ ।**

**੪. (ੳ) ਸੰਸਾਰ ਅੰਦਰ ਹਾਹਾਕਾਰ**–ਸਾਰੇ ਭਾਰਤ ਵਿਚ ਹਾਹਾਕਾਰ ਮਚ ਗਈ । ਮੁਸਲਮਾਨ ਹਿੰਦੂ ਈਸਾਈ ਆਗੂ ਮੌਕੇ ਤੇ ਪਹੁੰਚੇ । ਬੇ-ਤਹਾਸ਼ਾ ਮਾਰਾਂ, ਸੱਟਾਂ ਪੈਂਦੀਆਂ ਦੇਖ ਕੇ ਤਰਾਹ ਤਰਾਹ ਕਰਦੇ, ਹੰਝੂ ਵਹਾਉਂਦੇ, ਪਰ ਬੇਬਸ ਸਨ । ਸਿੱਖ ਸੰਸਥਾਵਾਂ ਨੇ ਵੀ ਅਫਸਰਸ਼ਾਹੀ ਦੇ ਨਿਰਦਈ ਤੇ ਅਣਮਨੁੱਖੀ ਵਤੀਰੇ ਅੱਖੀਂ ਦੇਖ ਕੇ ਜ਼ਾਲਿਮ ਸਰਕਾਰ ਦੀ ਨਿਖੇਧੀ ਕੀਤੀ । ਸਰਬ ਭਾਰਤੀ ਕਾਂਗਰਸ ਕਮੇਟੀ ਨੇ ਪੁਲੀਸ ਅਤਿਆਚਾਰਾਂ ਤੇ ਵਧੀਕੀਆਂ ਦੀ ਪੜਤਾਲ ਕਰਵਾਈ । ਸਰਕਾਰੀ ਅਖ਼ਬਾਰ "ਸਿਵਲ ਐਂਡ ਮਿਲਟਰੀ ਗਜ਼ਟ", ਨੇ ਵੀ ਮੰਨਿਆ ਕਿ "ਅਕਾਲੀਆਂ ਨੂੰ ਸ਼ਾਂਤੀ ਸਹਿਤ, ਸਬਰ ਨਾਲ ਪੁਲੀਸ ਦੀਆਂ ਮਾਰਾਂ ਕੁੱਟਾਂ ਝਲਦਿਆਂ ਦੇਖ ਕੇ ਮੰਨਣਾ ਪੈਂਦਾ ਹੈ ਕਿ ਅਕਾਲੀ ਸੂਰਮੇ ਬਹਾਦੁਰ ਮਰਦ ਹਨ । ਸੱਚ ਤਾਂ ਇਹ ਹੈ ਕਿ ਅਕਾਲੀ ਜਥਿਆਂ ਵਲੋਂ ਸ਼ਾਂਤ ਰਹਿੰਦਿਆਂ, ਅੰਨ੍ਹੇਵਾਹ ਮਾਰਾਂ ਕੁੱਟਾਂ ਖਿੜੇ ਮਥੇ ਬਰਦਾਸ਼ਤ ਕਰਨਾ ਅਤੀ ਬੇਤਰਸ ਜ਼ੁਲਮ ਤੇ ਅਤਿਆਚਾਰ ਨੂੰ ਮਹਾਨ ਇਖ਼ਲਾਕੀ ਹੌਸਲੇ ਨਾਲ ਸਹਿ ਜਾਣ ਦਾ ਪਰਤੱਖ ਸਬੂਤ ਸੀ ।"

(ਅ) ਸਿੱਖਾਂ ਨੂੰ ਇਤਨੀ ਬੇਰਹਿਮੀ, ਅਣਮਨੁੱਖੀ ਮਾਰ ਪੈਂਦੀ ਕਿ ਅੰਗਰੇਜ, ਈਸਾਈ ਪਾਦਰੀ ਹੰਝੂ ਵਹਾਏ ਬਿਨਾਂ ਨਾ ਰਹਿ ਸਕਦੇ । ਇਕ ਗਭਰੂ ਸ: ਪ੍ਰਿਥੀਪਾਲ ਸਿੰਘ ਦੀ ਛਾਤੀ ਤੇ ਸੁਹਾਗਾ ਰੱਖ ਕੇ ਦੋਹੀਂ ਪਾਸੀਂ ਦੋ ਸਿਪਾਹੀਆਂ ਨੇ ਖੜੇ ਹੋ ਕੇ ਆਪਣੇ ਸਰੀਰਾਂ ਦਾ ਦਬਾ ਪਾ ਕੇ, ਹਜੋਕੇ ਮਾਰੇ, ਪਰ ਕਲਗੀਆਂ ਵਾਲੇ ਦਾ ਸੂਰਮਾ ਲਾਲ ਛਾਤੀ ਤੇ ਮੋਢਿਆਂ ਦੇ ਜੋਰ ਨਾਲ, ਕੂਹਣੀਆਂ ਤੇ ਭਾਰ ਪਾ ਕੇ, ਹਿਲੂਣਾ ਮਾਰ ਕੇ, ਖੜਾ ਹੋ ਗਿਆ । ਦੋਨੋਂ ਸਿਪਾਹੀ ਪਿਠ ਪਰਨੇ (ਚਿੱਤੜਾਂ ਪਰਨੇ) ਲੋਟ-ਪੋਟਣੀਆਂ ਖਾਂਦੇ ਧੜੰਮ ਕਰ ਕੇ ਡਿਗ ਪਏ ।

**੫. (ੳ) ਇਕ ਸੁਨਹਿਰੀ ਬਾਜ**–ਨਿੱਤ ਦੇ ਅਕਾਲੀ ਜਥੇ ਧਰਮ ਲਈ ਕੁਰਬਾਨ ਹੋਣ ਦੇ ਜਜ਼ਬਿਆਂ ਤੇ ਭਾਵਾਂ ਨਾਲ ਜਾਂਦੇ । ਦੇਸ਼, ਕੌਮ, ਧਰਮ ਅੰਦਰ ਉਹਨਾਂ ਦੀ ਪਰਸੰਸਾ ਹੁੰਦੀ । ਉਹਨਾਂ ਨੂੰ ਕੁਰਬਾਨੀ ਲਈ ਉਤਸ਼ਾਹ ਸਾਹਸ ਮਿਲਦਾ । ਉਹਨਾਂ ਦਾ ਧਾਰਮਿਕ ਵਿਸ਼ਵਾਸ ਇਤਨਾ ਸਰਬ-ਵਿਆਪਕ ਤੇ ਦ੍ਰਿੜ੍ਹ ਹੋਇਆ ਕਿ ਨੌਜੁਆਨ ਗਭਰੂਆਂ ਨੂੰ ਕੁਰਬਾਨੀ ਦੇਣ ਲਈ ਵਾਰੀ ਨਾ ਮਿਲੇ । ਠੀਕ ਇਸੇ ਸਮੇਂ ਜਦੋਂ ਜੱਥੇ ਨੂੰ ਮਾਰਾਂ ਸ਼ੁਰੂ ਹੁੰਦੀਆਂ, ਗੁਰੂ ਕੇ ਬਾਗ ਵਿਚੋਂ ਨਿੱਤ ਇਕ ਸੁਨਹਿਰੀ ਰੰਗ ਦਾ 'ਬਾਜ' ਉਡਦਾ ਦਿਸਦਾ । ਇਹ ਬਾਜ ਗੁਰੂ ਕੇ ਬਾਗ ਤੋਂ ਸ੍ਰੀ ਹਰਿਮੰਦਰ ਸਾਹਿਬ ਪੁਜਦਾ ਤੇ ਐਉਂ ਪਰਤੀਤ ਹੁੰਦਾ ਜਿਵੇਂ ਇਹ ਸ੍ਰੀ ਹਰਿਮੰਦਰ ਵਾਲਿਆਂ ਨੂੰ ਗੁਰੂ ਕੇ ਬਾਗ ਦੀਆਂ ਮਾਰਾਂ ਦਾ ਸੁਨੇਹਾ ਦਿੰਦਾ ਹੋਵੇ । ਇਹ ਨਜ਼ਾਰਾ ਦੇਖਣ ਵਾਲਿਆਂ ਦੀਆਂ ਅੱਖਾਂ ਵਿਚ ਪਿਆਰ, ਉਤਸ਼ਾਹ ਦੇ ਹੰਝੂ ਤਾਂ ਲਿਆਉਂਦਾ, ਪਰ ਉਹਨਾਂ ਦੀ ਖੁਸ਼ੀ ਤੇ ਬਾਜਾਂ ਵਾਲੇ ਗੁਰੂ ਪ੍ਰਤੀ ਸ਼ਰਧਾ ਵੀ ਉਛਲ ਪੈਂਦੀ ।



www.AKJ.Org

ਬਾਜ਼ ਦੇ ਨਜ਼ਾਰੇ ਦਾ ਜ਼ਿਕਰ ਇਕ ਅੰਗਰੇਜ਼ ਲੇਖਕ ਐਂਡਰੀਉ ਨੇ ਵੀ ਕੀਤਾ ਹੈ। ਬਾਜ ਨੂੰ ਦੇਖਣ ਵਾਲੇ ਬਜ਼ੁਰਗ ਅਜ ਵੀ ਮੌਜੂਦ ਜੀਉਂਦੇ ਜਾਗਦੇ ਹਨ।

(ਅ) ਮੈਂ ਉਦੋਂ ਦਸਾਂ ਸਾਲਾਂ ਦਾ ਸਾਂ। ਸਾਡੇ ਘਰ (ਚੱਕ ਨੰ: ੨੦੮ ਰੱਖ ਬਰਾਂਚ, ਲਾਇਲਪੁਰ ਸ਼ਹਿਰ ਤੋਂ ਚੜ੍ਹਦੇ ਵਲ ਕੇਵਲ ਪੰਜ ਮੀਲ) ਅਕਾਲੀ ਅਖਬਾਰ ਆਉਂਦਾ ਸੀ। ਮੈਂ ਅਖਬਾਰ ਪੜ੍ਹ ਕੇ ਘਰ ਦਿਆਂ ਤੇ ਗੁਆਂਢੀਆਂ ਨੂੰ ਸੁਣਾਇਆ ਕਰਦਾ ਸਾਂ। ਅਖ਼ਬਾਰ ਵਿਚ ਬਾਜ਼ ਦੀ ਤੇ ਸਿੱਖ ਜਥਿਆਂ ਦੀਆਂ ਤਸਵੀਰਾਂ ਵੀ ਆਉਂਦੀਆਂ ਹੁੰਦੀਆਂ ਸਨ। ਸ: ਮੰਗਲ ਸਿੰਘ ਜੀ 'ਅਕਾਲੀ' ਅਖਬਾਰ ਦੇ ਐਡੀਟਰ ਸਨ। ਉਹ ਸਾਡੇ ਆਪਣੇ ਪਿੰਡ ਦੇ ਸਨ, ਅਤੇ ਸਾਡੇ ਗੁਆਂਢੀ ਸਨ। ਉਹਨਾਂ ਨੇ ੧੯੨੦ ਵਿਚ ਤਹਿਸੀਲਦਾਰੀ ਦੀ ਮਹਾਨ ਅਫਸਰੀ ਛੱਡੀ ਤੇ ਅਕਾਲੀ ਲਹਿਰ ਵਿਚ ਕੁੱਦ ਪਏ ਸਨ।

**੬. ਸਰਕਾਰ ਦੁਬਿਧਾ** ਵਿਚ—ਸਰਕਾਰ ਕੁੜਿੱਕੀ ਵਿਚ ਫਸ ਗਈ! ਸਰਕਾਰੀ ਰੋਕਾਂ ਟੋਕਾਂ ਮੋਰਚੇ ਨੂੰ ਠੰਡਾ ਕਰਨ ਦੀ ਬਜਾਏ ਵਧੇਰੇ ਗਰਮ ਹੋਣ ਦੀ ਚਣੌਤੀ ਦਿੰਦੀਆਂ। ਅੰਤ ਸਰਕਾਰ ਢਿੱਲੀ ਹੋਈ, ਗੁਰਦੁਆਰੇ ਜਾਣ ਦੀ ਰੋਕ ਹਟਾ ਦਿੱਤੀ, ਪਰ ਬਾਗ ਅੰਦਰ ਜਾਣ ਦੀ ਰੋਕ ਲਾਈ ਰੱਖੀ।

ਉਸ ਸਾਲ ਵਰਖਾ ਕਾਂਫੀ ਹੋਈ। ਸਰਕਾਰ ਦਾ ਖ਼ਿਆਲ ਸੀ ਕਿ ਸਿੱਖ ਫਸਲਾਂ ਦੀ ਬਿਜਾਈ ਵਿਚ ਰੁੱਝ ਜਾਣਗੇ, ਮੋਰਚਾ ਮੱਠਾ ਪੈ ਜਾਵੇਗਾ, ਪਰ ਇਹ ਸਾਰੇ ਖਿਆਲ ਕੱਚੇ ਹੀ ਨਿਕਲੇ। ਅਕਾਲੀਆਂ ਨੇ ਗੁਰਦੁਆਰੇ ਤੇ ਕਬਜ਼ਾ ਕੀਤਾ। ਅੰਦਰ ਠਹਿਰਨ ਲਈ ਥਾਂ ਮਿਲ ਗਈ ਤੇ ਬਾਗ ਦੇ ਕਬਜ਼ੇ ਲਈ ਸਤਿਆਗ੍ਰਹਿ ਜਾਰੀ ਰੱਖਿਆ। ਅਖੀਰ ਸਤੰਬਰ ਤੱਕ ੪੦੦ ਸਿੰਘ ਗ੍ਰਿਫਤਾਰ ਹੋਏ, ਪਰ ਫਿਰ ਇਕ ਪੰਦਰਵਾੜੇ ਵਿਚ ਹੀ ੯੦੦ ਹੋਰ ਫੜੇ ਗਏ ਸਨ।

**੭. ਫੌਜੀਆਂ ਦੀਆਂ ਕੁਰਬਾਨੀਆਂ**—ਸਮਾਂ ਆ ਪਹੁੰਚਿਆ ਕਿ ਫੌਜੀ ਪੈਨਸ਼ਨਰਾਂ ਤੇ ਫੌਜੀ ਸਿੱਖਾਂ ਨੇ ਆਪਣੀਆਂ ਸੇਵਾਵਾਂ ਪੇਸ਼ ਕਰ ਦਿੱਤੀਆਂ। ਛਾਉਣੀਆਂ ਦੀਆਂ ਸਿੰਘ-ਸਭਾਵਾਂ ਨੇ ਸ੍ਰੋਮਣੀ ਕਮੇਟੀ ਨੂੰ ਚੰਦੇ ਭੇਜ ਕੇ ਸਹਾਇਤਾ ਦੀ ਹਾਮੀ ਭਰੀ। ਫੌਜੀ ਪੈਨਸ਼ਨਰ ਤਾਂ ਨਿੱਤ ਦੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਪਏ। ਨਿਰੋਲ ਇਕ ਸੌ ਫੌਜੀਆਂ ਦਾ ਜੱਥਾ ਭੇਜਿਆ ਗਿਆ, ਜੋ ਦੋ ਦਿਨਾਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ। ਪੰਜ ਦਰਿਆਵਾਂ ਦੀ ਧਰਤੀ ਦਾ ਠਾਠਾਂ ਮਾਰਦਾ ਜੋਸ਼ ਬਰਤਾਨਵੀ ਸਰਕਾਰ ਨਾ ਝੱਲ ਸਕੀ। ਵੱਖਰੀਆਂ ਵੱਖਰੀਆਂ ਸ੍ਰੇਣੀਆਂ ਦੇ ਜਥਿਆਂ ਨੂੰ ਵਾਰੀ ਨਾ ਮਿਲੇ। ਸਿੱਖ ਬੀ.ਏ.,ਐਮ.ਏ. ਪਾਸਾਂ ਦੇ ਜਥੇ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਦੇ ਜਥੇ ਨੇ ਗ੍ਰਿਫਤਾਰੀਆਂ ਦਿੱਤੀਆਂ। ਫੌਜੀ ਪੈਨਸ਼ਨਰਾਂ ਦਾ ਇਕ ਹੋਰ ਜਥਾ ਤਿਆਰ ਹੋ ਗਿਆ। ਰੋਜ਼ਾਨਾਂ ਜਥੇ ਦੀ ਗਿਣਤੀ ੫੦ ਤੋਂ ੧੦੦ ਕਰਨੀ ਪਈ, ਪਰ ਪੰਦਰ੍ਹਾਂ ਦਿਨਾਂ ਅੰਦਰ ੧੨੦ ਕਰਨੀ ਪਈ। ਸਰਕਾਰ ਘਬਰਾ ਗਈ। ਸਰਕਾਰ ਦੀਆਂ ਜੇਲ੍ਹਾਂ ਭਰ ਗਈਆਂ। ਡਿਪਟੀ ਕਮਿਸ਼ਨਰਾਂ ਨੂੰ ਹੁਕਮ ਹੋਇਆ ਕਿ ੧੮ ਸਾਲ ਤੋਂ ਘੱਟ ਤੇ ੬੦ ਸਾਲ ਤੋਂ ਉਪਰ ਦੇ ਕੈਦੀਆਂ ਨੂੰ ਛੱਡ ਦਿਓ। ਛੱਡੇ ਕੈਦੀ ਫਿਰ ਜਥਿਆਂ ਵਿਚ ਸ਼ਾਮਲ ਹੋਣ ਲੱਗ ਪਏ। ਨਵੰਬਰ ੧੯੨੨ ਦੇ ਪਹਿਲੇ ਸਾਤੇ ਤੱਕ ਕੈਦੀਆਂ ਦੀ ਗਿਣਤੀ ੫੬੦੫ ਹੋ ਗਈ, ਜਿਨ੍ਹਾਂ ਵਿਚ ੩੫ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ੨੦੦ ਫੌਜੀ ਪੈਨਸ਼ਨਰ ਸਨ। ਸਾਰੀ ਦੁਨੀਆ ਦੇ ਸਿੱਖਾਂ ਅੰਦਰ ਗੁੱਸੇ ਦੀ ਲਹਿਰ ਫੈਲ ਗਈ। ਸਰਕਾਰ, "ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ" ਦਾ ਹੱਲ ਬੜੀ ਬੇਤਾਬੀ ਨਾਲ ਲਭਣ ਲੱਗੀ। ਅਕਤੂਬਰ ੧੯੨੨ ਵਿਚ ਇਕ ਸਿੱਖ ਰਜਮੈਂਟ ਦੇ ਇਕ ਸਿੱਖ ਕਮਾਂਡਿੰਗ ਅਫਸਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਸੁਝਾਉ ਭੇਜਿਆ ਕਿ ਸ਼੍ਰੋਮਣੀ ਕਮੇਟੀ "ਡਾਊਨ ਟੂਲਜ਼" (*Down Tools*- ਹਥਿਆਰ ਨੀਚੇ ਕਰੋ, ਸੁਟ ਦਿਓ) ਦਾ ਹੁਕਮ ਕਰੇ ਤਾਂ ਉਸ ਦੀ ਰਜਮੈਂਟ ਦੇ ਸਿੱਖ ਵੀ ਹਥਿਆਰ ਸੁੱਟ ਦੇਣਗੇ। ਬਰਤਾਨਵੀ ਅਫ਼ਸਰਾਂ ਨਾਲ ਦੁਸ਼ਮਣੀ ਵਜੋਂ ਨਹੀਂ, ਤਸ਼ੱਦਦ ਨਾਲ ਨਹੀਂ, ਪਰ ਚੁੱਪ ਕਰਕੇ, ਅਫਸੋਸ ਤੇ ਦੁੱਖ ਨਾਲ ਅਤੇ ਸਿਰਫ ਇਸ ਲਈ ਕਿ ਪ੍ਰਬੰਧਕ ਕਮੇਟੀ ਨੇ ਰਾਏ ਦਿੱਤੀ ਹੈ।

(ਸਿੱਖ ਸਪੈਰੇਟਿਜ਼ਮ, ਆਰ. ਏ. ਕਪੂਰ, ਸਫਾ ੧੫੫)



www.AKJ.Org

੮. **ਅਕਾਲੀਆਂ ਦੀ ਚੜ੍ਹਤ ਤੇ ਸਰਕਾਰ ਦਾ ਸਹਿਮ**–ਇਹ ਜੋ ਕੁਝ ਹੱਕ-ਮਾਰਾਂ ਤੇ ਖੂਨ ਖਰਾਬੇ ਹੋਏ, ਕੇਵਲ ਮਹੰਤ ਸੁੰਦਰਦਾਸ ਦੀ ਮਹੰਤੀ ਨੂੰ ਕਾਇਮ ਰੱਖ ਕੇ ਬਾਕੀ ਗੁਰਦੁਆ ਰਿਆਂ ਦੇ ਪ੍ਰਬੰਧਕੀ ਹੱਕਾਂ ਤੋਂ ਸਿੱਖਾਂ ਨੂੰ ਵਾਂਝਿਆਂ ਰੱਖਣ ਵਾਸਤੇ ਕੀਤਾ ਗਿਆ। ਹਕੂਮਤ ਨੇ ਆਪਣੇ ਗੁਆਚੇ ਹੋਏ ਰੁਅਬ ਤੇ ਵਕਾਰ ਨੂੰ ਸੁਰਜੀਤ ਕਰਨ ਲਈ ਕਈ ਸੋਚਾਂ ਸੋਚੀਆਂ। ਪਰ ਖਾਲਸਾ ਕੌਮ ਦੇ ਇਕ-ਮੁਠ ਹੋ ਜਾਣ ਕਾਰਨ ਕੋਈ ਦਾਉ ਪੇਚ ਸਿਰੇ ਨਾ ਚੜ੍ਹਿਆ। ਇਸ ਮੋਰਚੇ ਨੇ ਅੰਗਰੇਜ਼ ਸਰਕਾਰ ਦੇ ਸਾਰੇ ਮਨਸੂਬੇ ਮਿੱਟੀ ਵਿਚ ਮਿਲਾ ਦਿੱਤੇ। ਸਰਕਾਰ ਨੂੰ ਇਹ ਚਾਨਣ ਹੋ ਗਿਆ ਕਿ ਸਿੱਖ ਅੰਤ ਨੂੰ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਹਾਸਲ ਕਰਕੇ ਚੈਨ ਕਰਨਗੇ। ਸਰਕਾਰ ਦਾ ਪੱਕਾ ਨਿਸਚਾ ਸੀ ਕਿ ਜੇ ਅਜਿਹਾ ਹੋ ਗਿਆ ਤਾਂ ਸਿੱਖਾਂ ਦੀ ਸਮੂਹ ਸ਼ਕਤੀ ਗੁਰਦੁਆਰਿਆਂ ਵਿਚ ਕੇਂਦਰਿਤ ਹੋ ਜਾਵੇਗੀ। ਕਿਸੇ ਸਮੇਂ ਇਹ ਜਥੇਬੰਦ ਸ਼ਕਤੀ ਸਰਕਾਰ ਦੀ ਹੋਂਦ ਲਈ ਖ਼ਤਰਾ ਬਣ ਸਕਦੀ ਹੈ। ਸੋ ਸਰਕਾਰ ਨੇ ਇਸ ਮੋਰਚੇ ਨੂੰ ਫ਼ੇਲ੍ਹ ਕਰਨ ਲਈ ਪੂਰਾ ਟਿਲ ਲਾ ਲਿਆ, ਪਰ ਸਰਕਾਰ ਨੂੰ ਚਾਨਣ ਹੋ ਗਿਆ ਕਿ ਉਸ ਦਾ ਵਾਹ ਕਿਸੇ ਮਹਾਨ ਵਿਰਸੇ ਤੇ ਗੌਰਵਮਈ ਪਿਛੋਕੜ ਵਾਲੀ ਗੈਰਤਮੰਦ ਅਣਖੀਲੀ, ਸਦਾ ਚੜ੍ਹਦੀ ਕਲਾ ਵਾਲੀ ਆਪਾ-ਵਾਰੂ ਸਿੱਖ ਕੌਮ ਨਾਲ ਪਿਆ ਹੈ। ਇਸ ਕੌਮ ਨੇ "ਨਿਸਚੈ ਕਰਿ ਅਪਨੀ ਜੀਤ ਕਰੋ" ਦੇ ਅੰਮ੍ਰਿਤ ਦੀ ਗੁੜ੍ਹਤੀ ਛਕੀ ਹੋਈ ਹੈ। ਤਿੰਨ-ਚੌਥਾਈ ਸਘਰਸ਼ ਤਾਂ ਇਹਨਾਂ ਨੇ ਮਾਨਸਿਕ, ਆਤਮਿਕ, ਸੁਭਾਵਿਕ ਤੌਰ ਤੇ ਆਤਮ ਤੇ ਪਰਮਾਤਮ-ਵਿਸ਼ਵਾਸ ਨਾਲ ਹੀ ਜਿੱਤ ਲਿਆ ਹੁੰਦਾ ਹੈ। ਬਾਕੀ ਚੌਥਾਈ ਜਿੱਤਣ ਲਈ ਸਰੀਰਕ ਸੰਘਰਸ਼ ਦੀ ਵਰਤੋਂ ਕਰਦੇ ਹਨ।

੯. **ਮੋਰਚੇ ਦੀ ਜਿੱਤ**–ਸਰਕਾਰ ਇਸ ਝਗੜੇ ਨੂੰ ਨਿਬੇੜ ਕੇ ਸਿੱਖਾਂ ਨੂੰ ਆਪਣੀ ਨੇਕ-ਨੀਤੀ ਦਾ ਸਬੂਤ ਦੇਣਾ ਚਾਹੁੰਦੀ ਸੀ ਅਤੇ ਸਰ ਗੰਗਾ ਰਾਮ ਦੀ ਸ਼ਰਨ ਲਈ। ਸਰ ਗੰਗਾ ਰਾਮ ਨੇ ਬਾਗ ਵਾਲੀ ਜ਼ਮੀਨ ਮਹੰਤ ਕੋਲੋਂ ਠੇਕੇ ਤੇ ਲੈ ਲਈ ਅਤੇ ਲਿਖ ਦਿੱਤਾ ਕਿ ਮੈਨੂੰ ਪੁਲਸ ਦੀ ਲੋੜ ਨਹੀਂ। ਉਸ ਨੇ ਗੁਰੂ ਕੇ ਲੰਗਰ ਲਈ ਬਾਲਣ ਵੱਢਣ ਦੀ ਖੁਲ੍ਹੀ ਛੁੱਟੀ ਦੇ ਦਿੱਤੀ। ਦੋਨੋਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਪਹਿਲਾਂ ਹੀ ਸਿੱਖਾਂ ਕੋਲ ਸੀ। ਅੰਤ ਬਾਗ ਦਾ ਕਬਜ਼ਾ ਵੀ ਸਿੱਖਾਂ ਨੂੰ ਦੇ ਦਿਤਾ ਗਿਆ। ਇਸ ਤਰ੍ਹਾਂ ਗੁਰੂ ਕੇ ਬਾਗ ਦਾ ਮੋਰਚਾ ਸਰ ਹੋਇਆ। ਸ਼ਾਂਤਮਈ ਦੀ ਸ਼ਾਨਦਾਰ ਮਿਸਾਲ ਕਾਇਮ ਹੋਈ। ਤਸੀਹੇ ਝੱਲੇ, ਜਬਰ ਝੱਲੇ, ਕੁਰਬਾਨੀਆਂ ਕੀਤੀਆਂ, ਕੈਦਾਂ, ਕੁਰਕੀਆਂ ਝੱਲੀਆਂ। ਪੰਥ ਦਾ ਸਿਰ ਉਚਾ ਹੋਇਆ। ਅੰਤ ਸਾਰੇ ਕੈਦੀ ਛੱਡ ਦਿਤੇ ਗਏ।

ਪੰਜਾ ਸਾਹਿਬ ਦੇ ਸਟੇਸ਼ਨ ਤੇ ਇਕ ਗ੍ਰਿਫਤਾਰ ਹੋਏ ਜਥੇ ਨੂੰ ਅੰਨ ਪਾਣੀ ਛਕਾਉਣ ਲਈ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਰੇਲ-ਗੱਡੀ ਖੜੇ ਕਰਨ ਲਈ ਸ਼ਹੀਦੀਆਂ ਪਾਈਆਂ। ਇਹ ਸਾਕਾ ਵੀ ਗੁਰੂ ਕੇ ਬਾਗ ਦੇ ਮੋਰਚੇ ਦੀ ਹੀ ਕੜੀ ਹੈ।

---

[ਸਫ਼ਾ ੨੧ ਦੀ ਬਾਕੀ]

ਚਰਨਾਂ ਵਿਚ ਡਿਗ ਪਿਆ।

ਇਸ ਪਰਸੰਗ ਵਿਚ ਅੱਜ ਸਾਨੂੰ ਵੀ ਆਪਣੀ ਕਿਰਤ ਨੂੰ ਪਰਖਣਾ ਚਾਹੀਦਾ ਹੈ ਕਿ ਕਿਤੇ ਅਸੀਂ ਵੀ ਤਾਂ ਮਲਕ ਭਾਗੋ ਵਾਂਗ ਦੂਸਰਿਆਂ ਦਾ ਹੱਕ ਮਾਰ ਕੇ ਮਾਇਆ ਦੇ ਭੰਡਾਰ ਤਾਂ ਨਹੀਂ ਇਕੱਠੇ ਕਰ ਰਹੇ ਹਾਂ।

ਕਿਸੇ ਨੇ ਇਹ ਵੀ ਕਿਹਾ ਹੈ :—

ਕਿਸੇ ਭੁਖੇ ਨੂੰ ਰੋਟੀ ਖਵਾਲ ਦੇਣੀ, ਉਹਨੇ ਦਸਿਆ ਇਹ ਸੌਦਾ ਸੱਚ ਦਾ ਹੈ।
ਝੁਗੀ ਨਿਮਰਤਾ ਦੀ ਮੈਂ ਪਿਆਰਦਾ ਹਾਂ, ਮੈਨੂੰ ਕਿਬਰ ਦਾ ਮਹਲ ਨਾ ਜਚਦਾ ਹੈ।
ਸੱਚ ਦੀ ਥੋੜੀ ਕਮਾਈ ਵਿਚ ਦੁੱਧ ਹੁੰਦੈ, ਪਈ ਪਾਪਾਂ ਦੀ ਲਹੂ ਨਾ ਪਚਦਾ ਹੈ।
ਉਦੋਂ ਅਮਲਾਂ ਦੇ ਉਤੇ ਨਿਬੇੜੇ ਹੁੰਦੇ, ਜਦੋਂ ਭਜ ਜਾਂਦਾ ਭਾਂਡਾ ਕੱਚ ਦਾ ਹੈ।
ਏਥੇ ਈਰਖਾ ਦੇ ਭਾਂਬੜ ਬਲ ਰਹੇ ਸੀ, ਆ ਕੇ ਠੰਢ ਵਰਤਾਈ ਏ ਗੁਰੂ ਨਾਨਕ।
ਘੋਰ ਕਲੂ ਅੰਦਰ ਜਿਸ ਦਾ ਚਾਨਣਾ ਹੈ, ਉਹ ਜੋਤ ਜਗਾਈ ਏ ਗੁਰੂ ਨਾਨਕ।



www.AKJ.Org

# ਖਾਲਸੇ ਦਾ ਉਚ ਆਚਰਨ

[ਗਿ: ਦੀਦਾਰ ਸਿੰਘ ਜੀ, ਸੀ-129 ਵਿਕਾਸ ਕਾਲੋਨੀ, ਪਟਿਆਲਾ]

ਇਕ ਅੰਗਰੇਜ਼ ਵਿਦਵਾਨ (ਸਪੈਂਸਰ) ਦਾ ਕਹਿਣਾ ਹੈ :

*Not Education but character is man's greatest need and mans greatest safeguard.* ਭਾਵ--ਵਿਦਿਆ ਨਹੀਂ, ਪ੍ਰੰਤੂ ਆਚਰਨ ਮਨੁਖ ਦੀ ਮੁਖ ਲੋੜ ਹੈ, ਇਹ ਹੀ ਇਸ ਨੂੰ ਬਚਾਉਣ ਦਾ ਸਭ ਤੋਂ ਵੱਡਾ ਸਾਧਨ ਹੈ।

ਉਂਜ ਤਾਂ ਹਰ ਕੌਮ ਲਈ ਉਚ ਆਚਰਨ ਜ਼ਰੂਰੀ ਹੈ, ਪਰ ਘਟ-ਗਿਣਤੀ ਦੀਆਂ ਕੌਮਾਂ ਲਈ ਇਸ ਦੀ ਬਹੁਤੀ ਲੋੜ ਹੈ। ਕਿਉਂ ਜੁ ਉਹ ਆਪਣੀ ਹੋਂਦ ਨੂੰ ਕੇਵਲ ਉਚੇ ਆਚਰਨ ਦੁਆਰਾ ਹੀ ਕਾਇਮ ਰੱਖ ਸਕਦੀਆਂ ਹਨ।

ਬਹੁਤ ਪੁਰਾਣੇ ਸਮੇਂ ਭਾਰਤੀ ਆਚਰਨ ਬਹੁਤ ਉਚਾ ਮੰਨਿਆ ਜਾਂਦਾ ਸੀ। ਯੂਨਾਨ ਦੇ ਪ੍ਰਸਿਧ ਇਤਿਹਾਸਕਾਰ ਤੇ ਫ਼ਿਲਾਸਫ਼ਰ ਆਰੀਅਨ (*Arrian*) ਲਿਖਦਾ ਹੈ ਕਿ "ਭਾਰਤੀ ਬੜੇ ਬਹਾਦਰ ਸਨ। ਦੁਨੀਆ ਇਨ੍ਹਾਂ ਪਾਸੋਂ ਜੰਗ ਦੇ ਢੰਗ ਸਿੱਖਣ ਲਈ ਆਉਂਦੀ ਸੀ। ਇਥੋਂ ਦੇ ਲੋਕੀ ਸਾਦੇ ਪਰੰਤੂ ਈਮਾਨਦਾਰ ਸਨ। ਉਹ ਇਤਨੇ ਦਿਆਨਤਦਾਰ ਸਨ ਕਿ ਘਰਾਂ ਨੂੰ ਜੰਦਰੇ ਤਕ ਨਹੀਂ ਸਨ ਮਾਰਦੇ। ਲੋਕੀ ਸੱਚ ਦੇ ਪੁਜਾਰੀ ਸਨ। ਕਚਹਿਰੀਆਂ ਵਿਚ ਨਾਂਹ ਕੋਈ ਜਾਂਦਾ ਸੀ ਅਤੇ ਨਾ ਹੀ ਕੋਈ ਲਿਖਤੀ ਦਸਤਾਵੇਜ਼ ਲੈਂਦਾ ਸੀ।"

ਹੌਲੇ ਹੌਲੇ ਭਾਰਤੀ ਗੁਲਾਮ ਹੋ ਗਏ। ਗ਼ੁਲਾਮੀ ਤੇ ਗਰੀਬੀ ਸਾਰੇ ਔਗਣਾਂ ਦੀ ਜੜ੍ਹ ਹੈ। ਇਸ ਦੇ ਫਲਸਰੂਪ ਇਨ੍ਹਾਂ ਦੇ ਆਚਰਨ ਵਿਚ ਹੌਲੇ ਹੌਲੇ ਤਰੇੜਾਂ ਆਉਣ ਲਗ ਪਈਆਂ ਅਤੇ ਉਹ ਬੁਜ਼ਦਿਲ ਤੇ ਡਰਾਕਲ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਦੀ ਨਬਜ਼ ਨੂੰ ਪਹਿਚਾਣਿਆ ਅਤੇ ਭਾਰਤ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਖਾਲਸੇ ਨੂੰ ਉਚ ਆਚਰਨ ਬਖਸ਼ਿਆ। ਇਸ ਦੇ ਫਲਸਰੂਪ, ਭਾਵੇਂ ਸਿੱਖ ਮੁੱਠੀ ਭਰ ਹੀ ਸਨ, ਪਰ ਉਹ ਆਪਣੇ ਨਿਰਾਲੇ ਤੇ ਵਿਲੱਖਣ ਸਰੂਪ ਨੂੰ ਕਾਇਮ ਰੱਖ ਸਕੇ।

ਅਠਾਰ੍ਹਵੀਂ ਸਦੀ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਜਹਾਦ ਅਰੰਭਿਆ। ਉਹ ਮਿਟ ਗਿਆ, ਪਰ ਸਿੱਖਾਂ ਨੂੰ ਨਾ ਮਿਟਾ ਸਕਿਆ। ਉਸ ਤੋਂ ਪਿਛੋਂ ਮੀਰ ਮੰਨੂੰ ਨੇ ਸਿੱਖਾਂ ਦੇ ਸਿਰਾਂ ਦੀ ਕੀਮਤ ਰੱਖ ਦਿਤੀ। ਉਹ ਸਿੱਖਾਂ ਨੂੰ ਵੱਢਦਾ ਵੱਢਦਾ ਤੁਰ ਗਿਆ, ਪਰ ਖਾਲਸਾ ਇਹ ਗਾਉਂਦਾ :

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਇ, ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣ ਸਵਾਇ ਹੋਇ। ਖਾਲਸਾ ਵਧਦਾ ਫਲਦਾ ਹੀ ਗਿਆ।

ਕਾਰਨ ਕੀ ਸੀ ? ਖਾਲਸੇ ਦਾ ਉਚ ਆਚਰਨ। ਇਸ ਦੀਆਂ ਲੋਕਾਂ ਵਿਚ ਧੁੰਮਾਂ ਪੈ ਗਈਆਂ। ਲੋਕਾਂ ਦੀਆਂ ਇਉਂ ਦੰਦ ਕਥਾਵਾਂ ਬਣ ਗਈਆਂ : 'ਆਏ ਨੀ ਨਿਹੰਗ। ਬੂਹਾ ਖੋਲ੍ਹ ਦੇਹ ਨਿਸੰਗ।' ਖਾਲਸੇ ਦੇ ਦੁਸ਼ਮਨ ਵੀ ਇਸ ਦਾ ਸਿੱਕਾ ਮੰਨਦੇ ਹਨ।

ਕਾਜ਼ੀ ਨੂਰ ਮੁਹੰਮਦ ਇਕ ਪ੍ਰਸਿਧ ਮੁਸਲਮਾਨ ਇਤਿਹਾਸਕਾਰ ਸੀ। ਉਹ ਅਹਿਮਦ ਸ਼ਾਹ ਅਬਦਾਲੀ ਨਾਲ ੧੭੬੪-੬੫ ਵਿਚ ਹਿੰਦ ਆਇਆ। ਉਸ ਨੇ ਆਪਣੀ ਪੁਸਤਕ 'ਜੰਗਨਾਮਾ' ਵਿਚ ਸਿੱਖਾਂ ਨੂੰ 'ਸਗ' ਭਾਵ ਕੁੱਤੇ ਦੇ (ਲਕਬ) ਲਫਜ਼ ਨਾਲ ਤ੍ਰਿਸਕਾਰਿਆ, ਪਰ ਖਾਲਸੇ ਦੇ ਉਚੇ ਆਚਰਨ ਦੀ ਸਾਖ ਭਰਦਾ ਉਹ ਲਿਖਦਾ ਹੈ :

"ਇਨ੍ਹਾਂ ਨੂੰ ਕੁੱਤਾ ਆਖਣਾ ਠੀਕ ਨਹੀਂ, ਕਿਉਂ ਜੁ ਇਹ ਰਣ ਦੇ ਸ਼ੇਰ ਹਨ। ਜੇ ਕਿਸੇ ਨੇ ਲੜਾਈ ਦਾ ਵੱਲ ਸਿਖਣਾ ਹੋਵੇ ਤਾਂ ਉਹ ਇਹਨਾਂ ਪਾਸੋਂ ਲੜਾਈ ਦੇ ਮੈਦਾਨ ਵਿਚ ਆ ਕੇ ਸਿਖੇ। ਭਾਵੇਂ ਰਣ ਦੇ ਇਹ ਸ਼ੇਰ ਹਨ, ਪਰੰਤੂ ਅਮਨ ਦੇ ਸਮੇਂ ਦਇਆ ਦੇ ਪੁਤਲੇ ਹਨ ਅਤੇ ਸਖਾਵਤ ਵਿਚ ਹਾਤਮਤਾਈ (ਇਕ ਮਹਾਨ ਦਾਨੀ) ਨੂੰ ਵੀ ਪਿਛੇ ਸੁਟਦੇ ਹਨ। ਇਹ ਦੌੜੇ ਜਾਂਦੇ ਦੁਸ਼ਮਨ ਦਾ ਪਿੱਛਾ ਨਹੀਂ ਕਰਦੇ, ਨਾ ਹੀ ਉਸ ਪਰ ਵਾਰ ਕਰਦੇ



www.AKJ.Org

ਹਨ। ਇਹ ਪਰਾਈ ਇਸਤ੍ਰੀ ਨੂੰ ਧੀ ਭੈਣ ਸਮਝਦੇ ਹਨ ਅਤੇ ਉਸ ਵਲ ਅੱਖ ਚੁੱਕ ਕੇ ਨਹੀਂ ਵੇਖਦੇ।

ਉਹ ਲਿਖਦਾ ਹੈ ਕਿ "ਜੇ ਕੋਈ ਇਸਤ੍ਰੀ ਰਣ ਵਿਚ ਇਹਨਾਂ ਦੇ ਕਾਬੂ ਵੀ ਆ ਜਾਵੇ ਤਾਂ ਉਸ ਨੂੰ ਸਹੀ ਸਲਾਮਤ ਆਪਣੇ ਡੇਰੇ ਪਹੁੰਚਾ ਦੇਂਦੇ ਹਨ, ਲੁਟੇਰੇ ਤੇ ਕਾਮੀ ਪੁਰਸ਼ ਦੀ ਇਹ ਸੰਗਤ ਨਹੀਂ ਕਰਦੇ। ਸਚਾਈ ਇਨ੍ਹਾਂ ਦਾ ਧਰਮ ਹੈ ਅਤੇ ਇਸ ਨੂੰ ਇਹ ਕਦੀ ਵੀ ਹਥੋਂ ਨਹੀਂ ਛਡਦੇ। ਇਹ ਮੇਹਰਬਾਨ ਇਤਨੇ ਹਨ ਕਿ ਜੇ ਦੁਸ਼ਮਨ ਨੇ ਵੀ ਕਦੇ ਆਪਣੇ ਮਜ਼ਲੂਮ ਹੋਣ ਦੀ ਵਾਰਤਾ ਇਨ੍ਹਾਂ ਪਾਸ ਆ ਕੇ ਦਸੀ ਤਾਂ ਇਹ ਸਭ ਵੈਰ ਵਿਰੋਧ ਤਿਆਗ ਉਸ ਦੀ ਮਦਦ ਤੇ ਵੀ ਰਣ ਵਿਚ ਜਾ ਖੜਾ ਖੜਕਾਂਦੇ ਹਨ।"

ਇਹ ਸੀ ਸਿੱਖੀ ਆਦਰਸ਼, ਜਿਸ ਉਤੇ ਸਾਨੂੰ ਬੜੀ ਮੁਦਤ ਤਕ ਗੌਰਵ ਰਿਹਾ। ਮੁਗਲ-ਰਾਜ ਭਾਵੇਂ ਸਿਖ ਕੌਮ ਦਾ ਜਾਨੀ ਵੈਰੀ ਸੀ, ਪਰ ਕਿਹਾ ਜਾਂਦਾ ਹੈ ਕਿ ਸਿਖ ਦੇ ਸੱਚ ਦਾ ਸਿੱਕਾ ਉਹ ਵੀ ਮੰਨਦਾ ਸੀ ਅਤੇ ਕਚਹਿਰੀ ਵਿਚ ਸਿਖ ਦੀ ਗਵਾਹੀ ਨੂੰ ਪ੍ਰਮਾਣ ਮੰਨਿਆ ਜਾਂਦਾ ਸੀ। ਅੰਗਰੇਜ਼ਾਂ ਦੇ ਹਿੰਦ ਵਿਚ ਆਉਣ ਤੋਂ ਢੇਰ ਸਮੇਂ ਪਿਛੋਂ ਤਕ ਸਿੱਖਾਂ ਦੀ ਸਚਾਈ ਦੀ ਧਾਂਕ ਸਾਰੇ ਦੇਸ਼ ਵਿਚ ਸੀ।

ਕਈ ਲੋਕ ਕਹਿੰਦੇ ਹਨ ਕਿ ਤੁਸੀਂ 'ਪਿਦਰਮ ਸੁਲਤਾਨ ਬੂਦ' ਦੀਆਂ ਗੱਲਾਂ ਕਰਦੇ ਹੋ। ਸ: ਪ੍ਰਤਾਪ ਸਿੰਘ ਜੀ ਐਮ.ਏ. ਦਿੱਲੀ, ਇਸ ਸੰਬੰਧ ਵਿਚ ਆਪਣੀ ਇਕ ਨਿਜ-ਬੀਤੀ ਪਾਠਕਾਂ ਨਾਲ ਸਾਂਝੀ ਕਰਦਿਆਂ ਇਕ ਥਾਂ ਲਿਖਦੇ ਹਨ :

ਇਹ ਗੱਲ ਸੰਨ ੧੯੧੯ ਈਸਵੀ ਦੀ ਹੈ। ਮੈਂ ਉਦੋਂ ਮਸਾਂ ਦਸਾਂ ਕੁ ਵਰ੍ਹਿਆਂ ਦਾ ਸਾਂ। ਸਾਡੇ ਪਿੰਡ ਵਿਚ ਦੋ ਸੱਕੇ ਭਰਾ ਭਾਈ ਧਰਮ ਸਿੰਘ ਅਤੇ ਭਾਈ ਕਰਮ ਸਿੰਘ ਰਹਿੰਦੇ ਸਨ। ਵੱਡਾ ਭਾਈ ਧਰਮ ਸਿੰਘ ਖੇਤੀ-ਬਾੜੀ ਦੀ ਕਿਰਤ ਕਰਦਾ ਸੀ। ਭੋਇਂ ਉਹਨਾਂ ਪਾਸ ਬਹੁਤੀ ਨਹੀਂ ਸੀ। ਦੋਹਾਂ ਟੱਬਰਾਂ ਦਾ ਗੁਜ਼ਾਰਾ ਮੁਸ਼ਕਲ ਨਾਲ ਚਲਦਾ ਸੀ। ਇਹ ਵੇਖ ਭਾਈ ਕਰਮ ਸਿੰਘ ਫ਼ੌਜ ਵਿਚ ਭਰਤੀ ਹੋ ਗਿਆ। ਉਦੋਂ ਸਾਂਝੇ ਪਰਵਾਰਾਂ ਦਾ ਰਿਵਾਜ ਸੀ। ਭਾਈ ਕਰਮ ਸਿੰਘ ਦੇ ਪਿਛੋਂ ਉਸ ਦੀ ਪਤਨੀ ਤੇ ਬੱਚਿਆਂ ਦੀ ਵੇਖ-ਭਾਲ ਕੁਦਰਤੀ ਭਾਈ ਧਰਮ ਸਿੰਘ ਨੇ ਕਰਨੀ ਸੀ। ਭਾਈ ਕਰਮ ਸਿੰਘ ਆਪਣੇ ਵਡੇ ਵੀਰ ਨੂੰ ਪਿਤਾ ਸਮਾਨ ਸਮਝ, ਆਪਣੀ ਸਾਰੀ ਕਮਾਈ ਮਨੀ-ਆਰਡਰ ਰਾਹੀਂ ਉਸ ਨੂੰ ਘਲ ਦਿੰਦਾ। ਖਰਚ-ਪੱਠੇ ਤੋਂ ਬਚੀ ਮਾਇਆ ਨਾਲ ਭਾ: ਧਰਮ ਸਿੰਘ ਹੋਰ ਜਾਇਦਾਦ ਖਰੀਦ ਲੈਂਦਾ। ਇੰਜ ਹੌਲੇ ਹੌਲੇ ਉਸ ਨੇ ਬਹੁਤ ਸਾਰੀ ਜਾਇਦਾਦ ਬਣਾ ਲਈ। ਦੈਵਨੇਤ ਨਾਲ ਭਾਈ ਕਰਮ ਸਿੰਘ ਦੀ ਚਿਤਰਾਲ (ਫ਼ਰੰਟੀਅਰ) ਦੀ ਲੜਾਈ ਵਿਚ ਮੌਤ ਹੋ ਗਈ। ਭਾਈ ਧਰਮ ਸਿੰਘ ਆਪਣੇ ਭਤੀਜਿਆਂ ਦਾ ਪਾਲਨ-ਪੋਸਨ ਕਰਦਾ ਰਿਹਾ ਤੇ ਉਹ ਜੁਆਨ ਹੋ ਗਏ। ਉਹਨਾਂ ਜਾਇਦਾਦ ਵਿਚੋਂ ਆਪਣੇ ਹਿੱਸੇ ਦੀ ਮੰਗ ਕੀਤੀ। ਭਾਈ ਧਰਮ ਸਿੰਘ ਦੇ ਪੁਤਰਾਂ ਨੇ ਪਿਤਾ ਦੇ ਕਹਿਣ ਦੇ ਬਾਵਜੂਦ ਇਕ ਇੰਚ ਭੋਇਂ ਵੀ ਦੇਣ ਤੋਂ ਇਨਕਾਰ ਕਰ ਦਿਤਾ, ਕਿਉਂ ਜੁ ਸਾਰੀ ਜ਼ਮੀਨ ਉਨ੍ਹਾਂ ਦੇ ਪਿਤਾ ਦੇ ਨਾਮ ਸੀ। ਭਾਈ ਕਰਮ ਸਿੰਘ ਦੇ ਪੁਤਰਾਂ ਨੇ ਅਦਾਲਤ ਵਿਚ ਅਰਜ਼ੀ ਜਾ ਦਿਤੀ। ਗਵਾਹਾਂ ਦੀ ਮੰਗ ਕੀਤੀ ਗਈ। ਉਨ੍ਹਾਂ ਕੇਵਲ ਆਪਣੇ ਤਾਏ ਦਾ ਨਾਮ੍ਹ ਗਵਾਹੀ ਲਈ ਪੇਸ਼ ਕੀਤਾ। ਤਾਰੀਖ ਮੁਕੱਰਰ ਹੋ ਗਈ ਅਤੇ ਅਦਾਲਤ ਨੇ ਪਿੰਡ ਵਿਚ ਗਵਾਹੀ ਲੈਣੀ ਪਰਵਾਨ ਕਰ ਲਈ। ਤਾਰੀਖ ਤੋਂ ਪਹਿਲੀ ਰਾਤ ਨੂੰ ਭਾਈ ਧਰਮ ਸਿੰਘ ਦੇ ਪੁੱਤਰ ਉਸ ਨੂੰ ਆਪਣੀ ਜ਼ਮੀਨ ਤੇ, ਇਕ ਕੋਠੇ ਵਿਚ ਬੰਦ ਕਰਕੇ ਆ ਗਏ। ਭਾਈ ਸਾਹਿਬ ਨੂੰ ਅਦਾਲਤ ਦੇ ਪਿੰਡ ਵਿਚ ਆਉਣ ਦੀ ਕੰਨਸੋ ਪੈ ਗਈ। ਉਹ ਅੰਮ੍ਰਿਤ ਵੇਲੇ ਉਠੇ। ਕਮਰ-ਕਸਾ ਕੀਤਾ, ਸੋਟੀ ਹੱਥ ਵਿਚ ਲਈ ਅਤੇ ਪਿੰਡ ਵਿਚ ਆ ਨਿਕਲੇ। ਘਰ ਦੀ ਥਾਵੇਂ ਉਹ ਸਿਧੇ ਅਦਾਲਤ ਵਾਲੀ ਥਾਂ ਆ ਪੁਜੇ। ਜੱਜ ਬੈਠਾ ਸੀ। ਭਾ: ਧਰਮ ਸਿੰਘ ਨੂੰ ਵੇਖ, ਸਾਰੀਆਂ ਅੱਖਾਂ ਉਨ੍ਹਾਂ ਵਲ ਲਗ ਗਈਆਂ। ਜੱਜ ਨੇ ਭਾਈ ਸਾਹਿਬ ਨੂੰ ਸੰਬੋਧਨ ਕਰਦਿਆਂ ਅਦਾਲਤੀ ਰਿਵਾਜ ਮੁਜਬ ਕਿਹਾ, 'ਭਾਈ ਸਾਹਿਬ, ਕਹੋ ਜੋ ਕੁਝ ਆਖੋਗੇ ਸੱਚ ਸੱਚ ਆਖੋਗੇ।' ਭਾਈ ਧਰਮ ਸਿੰਘ ਜੀ ਨੇ ਆਖਿਆ, 'ਗੁਰੂ ਕੇ ਸਿਖ ਨੇ ਕਦੋਂ ਝੂਠ ਬੋਲਣਾ ਹੈ?' ਉਹ ਤਾਂ ਉਸ ਗੁਰੂ ਦਾ ਸਿੱਖ ਹੈ ਜਿਸ ਦਾ ਫੁਰਮਾਨ ਹੈ :



www.AKJ.Org

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥੨॥੭॥ (ਪੰਨਾ ੧੪੧)

ਇਹ ਆਖ ਭਾਈ ਸਾਹਿਬ ਨੇ ਕਿਹਾ, "ਭਾਵੇਂ ਸਾਰੀ ਜਾਇਦਾਦ ਮੇਰੇ ਨਾਮ ਹੈ, ਇਹ ਬਣਾਈ ਤਾਂ ਮੈਂ ਭਾਈ ਕਰਮ ਸਿੰਘ ਦੀ ਖੱਟੀ ਤੋਂ ਹੈ। ਇਸ ਲਈ ਇਸ ਦੇ ਅਸਲੀ ਵਾਰਸ ਉਸ ਦੇ ਪੁਤਰ ਹੀ ਹਨ।" ਜੱਜ ਮੁਸਲਮਾਨ ਸੀ। ਇਹ ਸੁਣ ਉਹ ਹੱਕਾ ਬੱਕਾ ਰਹਿ ਗਿਆ। ਉਸ ਆਖਿਆ-'ਸੁਬਾਹਨ ਅੱਲਾ! ਅਜਿਹੇ ਕਿਰਦਾਰ ਵਾਲੇ ਸਿੱਖਾਂ ਨੂੰ ਕੌਣ ਮਾਰ ਸਕਦਾ ਹੈ।'

ਅਜਿਹੀ ਹੀ ਇਕ ਵਾਰਤਾ ਸ: ਨਰੈਣ ਸਿੰਘ ਐਮ.ਏ, ਸਾਬਕ ਮੈਨੇਜਰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੇ ਇਕ ਅਸਾਮੀ ਸਿੱਖ, ਸ: ਫੂਲਾ ਸਿੰਘ ਬੀ.ਏ.ਬੀ.ਟੀ. ਰਹਿ ਚੁਕੇ ਹੈੱਡ ਮਾਸਟਰ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ (ਪਾਕਿਸਤਾਨ) ਬਾਬਤ ਆਪਣੇ ਇਕ ਟਰੈਕਟ ਵਿਚ ਲਿਖੀ ਹੈ, ਜੋ ਸਿੱਖੀ ਆਚਰਨ ਦਾ ਇਕ ਆਦਰਸ਼ਕ ਨਮੂਨਾ ਹੈ। ਸ: ਫੂਲਾ ਸਿੰਘ ਸੰਬੰਧੀ ਸ: ਨਰੈਣ ਸਿੰਘ ਦੇ ਅਸਲ ਸ਼ਬਦ ਇਸ ਤਰ੍ਹਾਂ ਹਨ :

੧੯੨੦ ਤੋਂ ਅਸਾਮ ਵਿਚ ਆਬਾਦ ਹੋ ਗਏ ਪੰਜਾਬੀ ਸਿੰਘਾਂ ਦਾ ਇਕ ਨੌਨਿਹਾਲ ਸ:ਫੂਲਾ ਸਿੰਘ ਹੈ। ਉਨ੍ਹਾਂ ਵਿਚੋਂ ਉਹ ਪਹਿਲਾ ਸਿਖ ਸੀ ਜਿਸ ਨੇ ੧੯੧੮ ਵਿਚ ਕਲਕੱਤਾ ਯੂਨੀਵਰਸਿਟੀ ਦਾ ਐਫ.ਏ (ਇੰਟਰਮੀਡੀਏਟ) ਇਮਤਿਹਾਨ ਪਾਸ ਕੀਤਾ। ਅਸਾਮ ਨਿਵਾਸੀ ਸਿੱਖ ਆਪਣੇ ਇਤਿਹਾਸ, ਸਿੱਖੀ ਪਰੰਪਰਾ ਤੇ ਸਿਖ ਧਰਮ ਤੋਂ ਉਕੇ ਹੀ ਨਾਵਾਕਿਫ ਸਨ। ਸੀਨਾ ਬਸੀਨਾ ਕੇਵਲ ਇੰਨੀ ਗੱਲ ਇਨ੍ਹਾਂ ਤੱਕ ਪੁੱਜੀ ਹੋਈ ਸੀ ਕਿ ਇਹਨਾਂ ਦੇ ਵਡੇ ਪੰਜਾਬ ਤੋਂ ਆਏ ਸਨ, ਜਿਥੇ ਕੁਝ ਹੋਰ ਸਿਖ ਹੁਣ ਵੀ ਵਸਦੇ ਹਨ। ਇਹ ਅਸਾਮ ਨਿਵਾਸੀ ਸਿਖ ਆਪਣਾ ਪਿੱਛਾ ਜਾਨਣ ਦੀ ਤੀਬਰ ਇੱਛਾ ਰਖਦੇ ਸਨ, ਪਰੰਤੂ ਅਸਾਮੀ ਤੋਂ ਬਿਨਾਂ ਹੋਰ ਕਿਸੇ ਭਾਸ਼ਾ ਤੋਂ ਨਾਵਾਕਿਫ ਹੋਣ ਕਾਰਨ ਕੋਈ ਬਾਹਰ ਜਾਣ ਦਾ ਹੌਸਲਾ ਨਹੀਂ ਕਰਦਾ ਸੀ। ਜਦੋਂ ਫੂਲਾ ਸਿੰਘ ਨੇ ਐਫ.ਏ. ਪਾਸ ਕਰ ਲਈ, ਅੰਗਰੇਜ਼ੀ ਬੋਲਣ ਸਮਝਣ ਲਗਾ ਤਾਂ ਚਮਰਪੁਰ ਨਿਵਾਸੀ ਸਿਖਾਂ ਨੇ ਉਸ ਨੂੰ ਤਰਨ ਤਾਰਨ ਜਾ ਕੇ ਸਿੱਖਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਭੇਜਣ ਦੀ ਪ੍ਰੇਰਨਾ ਕੀਤੀ। ਫੂਲਾ ਸਿੰਘ ੧੯੧੮ ਦੇ ਸ਼ੁਰੂ ਵਿਚ ਤਰਨ ਤਾਰਨ ਪੁਜਾ। ਉਨ੍ਹਾਂ ਦਿਨਾਂ ਵਿਚ ਵੈਦ ਭਾਈ ਮੋਹਨ ਸਿੰਘ ਜੀ ਤਰਨ ਤਾਰਨ ਇਕ ਮਾਨਵਰ ਹਸਤੀ ਸਨ। ਇਹ ਕਈ ਦਿਨ ਉਨ੍ਹਾਂ ਪਾਸ ਠਹਿਰਿਆ। ਉਹ ਫੂਲਾ ਸਿੰਘ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਬਾਵਾ ਹਰਿਕਿਸ਼ਨ ਸਿੰਘ ਜੀ ਪਾਸ ਛਡ ਗਏ ਅਤੇ ਫੈਸਲਾ ਇਹ ਹੋਇਆ ਕਿ ਫੂਲਾ ਸਿੰਘ ਨੂੰ ਖਾਲਸਾ ਕਾਲਜ ਦੀ ਬੀ.ਏ. ਸ੍ਰੇਣੀ ਵਿਚ ਦਾਖਲ ਕੀਤਾ ਜਾਵੇ ਅਤੇ ਇਥੇ ਰਹਿੰਦੇ ਹੋਏ ਉਹ ਸਿਖ ਧਰਮ ਅਤੇ ਇਤਿਹਾਸ ਦੀ ਜਾਣਕਾਰੀ ਹਾਸਲ ਕਰੇ। ਬਾਵਾ ਹਰਿਕਿਸ਼ਨ ਸਿੰਘ ਜੀ ਨੇ ਇਸ ਵਿਚ ਵਡੀ ਦਿਲਚਸਪੀ ਲਈ। ਪਰੰਤੂ ਫੂਲਾ ਸਿੰਘ ਦੇ ਸਾਹਮਣੇ ਵਡੀ ਮੁਸ਼ਕਿਲ ਪੰਜਾਬੀ ਜਾਂ ਹਿੰਦੀ ਭਾਸ਼ਾ ਤੋਂ ਨਾਵਾਕਿਫ ਹੋਣ ਦੀ ਸੀ। ਉਹ ਅੰਗਰੇਜ਼ੀ ਬਗੈਰ ਕੁਝ ਬੋਲ ਜਾਂ ਸਮਝ ਨਹੀਂ ਸਕਦਾ ਸੀ। ਬਾਵਾ ਜੀ ਨੇ ਗਿਆਨੀ ਮਨਮੋਹਨ ਸਿੰਘ, ਜਿਨ੍ਹਾਂ ਉਸ ਨਾਲ ਕਾਲਜ ਤੋਂ ਬੀ ਏ. ਪਾਸ ਕੀਤੀ ਸੀ, ਦੀ ਡਿਊਟੀ ਲਗਾਈ ਕਿ ਫੂਲਾ ਸਿੰਘ ਨੂੰ ਪੰਜਾਬੀ ਪੜ੍ਹਾਣੀ ਸਿਖਾਏ। ਇਹ ਪ੍ਰਬੰਧ ਕੁਝ ਸਮੇਂ ਚਲਦਾ ਰਿਹਾ, ਪਰੰਤੂ ਗਿਆਨੀ ਜੀ ਦੇ ਛੇਤੀ ਕਾਲਜ ਤੋਂ ਚਲੇ ਜਾਣ ਕਰਕੇ ਪੰਜਾਬੀ ਪੜ੍ਹਾਣ ਦਾ ਕੰਮ ਮੇਰੇ (ਨਰੈਣ ਸਿੰਘ) ਜ਼ਿੰਮੇ ਲੱਗਾ ਅਤੇ ਇਸ ਤਰ੍ਹਾਂ ਅਸੀਂ ਆਪਸ ਵਿਚ ਬਹੁਤ ਨੇੜੇ ਹੋ ਗਏ।

੧੯੧੯ ਦਾ ਸਾਲ ਸਾਰੇ ਭਾਰਤ ਲਈ ਵੱਡਾ ਮਹੱਤਵਪੂਰਨ ਵਰਸ਼ ਸੀ। ਇਸ ਸਾਲ ਤੇਰ੍ਹਾਂ ਅਪ੍ਰੈਲ ਵਿਸਾਖੀ ਦੇ ਦਿਨ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਵਰਤਿਆ ਸੀ ਅਤੇ ਦਸੰਬਰ ਦੇ ਮਹੀਨੇ ਕ੍ਰਿਸਮਿਸ ਦੇ ਦਿਨਾਂ ਵਿਚ ਗੋਲ ਬਾਗ ਅੰਮ੍ਰਿਤਸਰ ਵਿਚ ਸਰਬ ਹਿੰਦ ਨੈਸ਼ਨਲ ਕਾਂਗਰਸ ਦਾ ਵੱਡਾ ਭਾਵ-ਪੂਰਤ ਸਲਾਨਾ ਸਮਾਗਮ ਹੋਇਆ ਸੀ, ਜਿਸ ਵਿਚ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ, ਪੰਡਤ ਮਾਲਵੀਆ, ਅਲੀ ਬ੍ਰਦਰਜ਼ ਤੋਂ ਲੈ ਕੇ ਕਾਂਗਰਸ ਦੇ ਸਾਰੇ ਮੁਖੀ ਨੇਤਾ ਸ਼ਾਮਲ ਸਨ। ਇਸ ਸਾਲ ਸਰਬ ਹਿੰਦ ਸਿਖ ਲੀਗ ਦੀ ਸਥਾਪਨਾ ਹੋਈ ਅਤੇ ਲੀਗ ਦੇ ਮੁਖੀਆਂ ਸ: ਸਰਦੂਲ ਸਿੰਘ ਕਵੀਸ਼ਰ, ਸ: ਹਰਚੰਦ ਸਿੰਘ ਲਾਇਲਪੁਰ, ਮਾਸਟਰ ਤਾਰਾ ਸਿੰਘ, ਮਾਸਟਰ


www.AKJ.Org

ਸੁੰਦਰ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸ: ਅਮਰ ਸਿੰਘ ਝਬਾਲ ਆਦਿ ਨੇ ਕਾਂਗਰਸ ਵਿਚ ਭਾਗ ਲਿਆ। ਕੁਦਰਤ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦਾ ਦਿਨ ਉਨ੍ਹਾਂ ਦਿਨਾਂ ਵਿਚ ਆ ਗਿਆ ਅਤੇ ਸਿਖ ਮੁਖੀਆਂ ਨੇ ਕਾਂਗਰਸ ਨੇਤਾਵਾਂ ਨੂੰ ਇਕ ਵੱਡੀ ਪਾਰਟੀ ਦੇਣ ਦਾ ਪਰਬੰਧ ਕੀਤਾ, ਜਿਸ ਲਈ ਵਲੰਟੀਅਰ ਖਾਲਸਾ ਕਾਲਜ ਦੇ ਵਿਦਿਆਰਥੀਆਂ ਵਿਚੋਂ ਲਏ ਗਏ। ਫੂਲਾ ਸਿੰਘ ਅਤੇ ਮੈਂ ਉਹਨਾਂ ਵਿਚੋਂ ਸੀ। ਪਾਰਟੀ ਹੋ ਚੁਕਣ ਮਗਰੋਂ ਸਾਡੇ ਲੀਡਰ ਕਾਂਗਰਸੀ ਨੇਤਾਵਾਂ ਨੂੰ ਵਿਦਿਆ ਕਰਨ ਗਏ ਹੋਏ ਸਨ ਅਤੇ ਅਸੀਂ ਬਹੁਤ ਸਾਰੇ ਫਲ ਤੇ ਮਿਠਿਆਈ ਉਠਾ ਕੇ ਖਾਣੀ ਸ਼ੁਰੂ ਕਰ ਦਿਤੀ। ਇਕ ਫੂਲਾ ਸਿੰਘ ਸੀ ਜੋ ਲਾਂਭੇ ਖੜਾ ਇਹ ਸਭ ਕੁਝ ਵੇਖ ਰਿਹਾ ਸੀ। ਉਸ ਨੇ ਰੱਤੀ-ਭਰ ਚੀਜ਼ ਵੀ ਉਥੋਂ ਨਾ ਉਠਾਈ। ਸਿਖ ਮੁਖੀਆਂ ਦੇ ਵਾਪਸ ਆਉਣ ਤੇ ਵਾਲੰਟਰੀਅਰਾਂ ਨੂੰ ਬਾਕਾਇਦਾ ਤੌਰ ਤੇ ਮੇਜ਼ਾਂ ਪੁਰ ਮਿਠਿਆਈ ਤੇ ਫਲ ਆਦਿ ਖੁਆਏ ਗਏ ਅਤੇ ਛੁੱਟੀ ਦਿਤੀ ਗਈ। ਗੋਲ ਬਾਗ ਤੋਂ ਵਾਪਸ ਆਉਂਦਿਆਂ ਫੂਲਾ ਸਿੰਘ ਅਤੇ ਮੈਂ ਇਕੱਠੇ ਜਾ ਰਹੇ ਸੀ ਕਿ ਸਾਡੇ ਵਿਚਾਲੇ ਇਉਂ ਗੱਲਬਾਤ ਹੋਈ :

ਫੂਲਾ ਸਿੰਘ—ਨਰੈਣ ਸਿੰਘ, ਤੂੰ ਪਾਰਟੀ ਲਈ ਕਿਤਨੇ ਪੈਸੇ ਕੰਟਰੀਬਿਊਟ ਕੀਤੇ ਹਨ ?

ਮੈਂ—ਮੈਂ ਤਾਂ ਕੋਈ ਪੈਸਾ ਨਹੀਂ ਦਿਤਾ।

ਫੂਲਾ ਸਿੰਘ—ਤਾਂ ਤੇਰਾ ਕੀ ਹੱਕ ਸੀ ਕਿ ਤੂੰ ਆਪਣੇ ਆਪ ਹੀ ਸਟਾਕ ਵਿਚੋਂ ਮਿਠਿਆਈ ਉਠਾਈ ?

ਮੈਂ—ਸਾਰੇ ਮੁੰਡੇ ਹੀ ਐਸਾ ਕਰ ਰਹੇ ਸਨ, ਮੈਂ ਕਰ ਲਿਆ ਤਾਂ ਕੀ ਹੋਇਆ ?

ਫੂਲਾ ਸਿੰਘ—ਜੇ ਹੋਰ ਸਾਰੇ ਖੂਹ ਵਿਚ ਛਾਲ ਮਾਰ ਦੇਣ ਤਾਂ ਤੂੰ ਮਾਰੇਂਗਾ ? ਮੈਂ—ਨਹੀਂ।

ਫੂਲਾ ਸਿੰਘ—ਕੀ ਤੇਰੀ ਸਿੱਖੀ ਇਹੋ ਸਿਖਿਆ ਦੇਂਦੀ ਹੈ ਕਿ ਜੋ ਚੀਜ਼ ਤੇਰੀ ਨਹੀਂ ਤੂੰ ਉਸ ਨੂੰ ਖਾਵੇਂ ਉੜਾਏਂ?

ਮੈਂ—ਨਹੀਂ। ਫੂਲਾ ਸਿੰਘ—ਤੂੰ ਤਾਂ ਕਿਸ ਤਰ੍ਹਾਂ ਦਾ ਸਿਖ ਹੈਂ ?

ਮੈਂ ਚੁਪ ਹੋ ਗਿਆ। ਆਪਣੇ ਆਪ ਵਿਚ ਪਸ਼ੇਮਾਨ ਸੀ ਕਿ ਇਹ ਅਸਾਮੀ ਵੀਰ ਕੀ ਪ੍ਰਭਾਵ ਲੈ ਕੇ ਜਾਵੇਗਾ ?

ਸ: ਪ੍ਰਤਾਪ ਸਿੰਘ ਜੀ ਲਿਖਦੇ ਹਨ ਕਿ ਮੈਂ ਉਪਰ ਲਿਖੀ ਵਾਰਤਾ ਪੜ੍ਹ ਰਿਹਾ ਸੀ ਅਤੇ ਮਨ ਹੀ ਮਨ ਵਿਚ ਸੋਚ ਰਿਹਾ ਸੀ ਕਿ ਅਸੀਂ ਅੱਜ ਕਿਹੋ ਜਿਹੇ ਸਿਖ ਹਾਂ, ਜੋ ਪੂਜਾ ਦੇ ਧਾਨ ਨੂੰ ਮਾਂ ਦਾ ਦੂਧ ਸਮਝ, ਆਪ ਹੀ ਨਹੀਂ ਛਕ ਰਹੇ, ਪਰੰਤੂ ਦੂਜਿਆਂ ਨੂੰ ਛਕਾ ਕੇ ਖੁਸ਼ ਹੁੰਦੇ ਹਾਂ।

ਪੁਰਾਣੇ ਸਮਿਆਂ ਵਿਚ ਸਾਡੇ ਇਲਾਕੇ ਵਿਚ ਲੋਕੀ ਕਹਿੰਦੇ ਸਨ 'ਧਰਮਸਾਲ ਦੀਆਂ ਰੋਟੀਆਂ ਤਿੰਨ ਕੰਮ ਕਰੇਣ : ਹੱਡ ਗਾਲਨ, ਮਤਿ ਮਾਰਨ, ਕੰਮ ਨਾ ਕਰਨ ਦੇਣ।' ਦਸਮੇਸ਼ ਪਿਤਾ ਇਸ ਗੱਲ ਤੋਂ ਵਾਕਿਫ ਸਨ, ਤਦ ਹੀ ਉਨ੍ਹਾਂ ਜਦੋਂ ਅਨੰਦਪੁਰ ਦਾ ਕਿਲ੍ਹਾ ਛਡਿਆ ਤਾਂ ਪੂਜਾ ਦਾ ਸਾਰਾ ਧਾਨ ਸਰਸਾ ਨਦੀ ਦੀ ਭੇਟ ਕਰ ਦਿਤਾ, ਤਾਂ ਜੁ ਇਹ ਜ਼ਹਿਰ ਉਨ੍ਹਾਂ ਦੇ ਸਿੱਖਾਂ ਨੂੰ ਮਾਰ ਨਾ ਦੇਵੇ। ਹੁਣ ਵੀ ਲੋੜ ਹੈ ਇਸ ਤੋਂ ਬਚਣ ਦੀ। ਸਿੱਖੀ ਵਿਚ ਅੱਜ ਜੋ ਗਿਰਾਵਟ ਆ ਰਹੀ ਹੈ, ਉਸ ਦਾ ਵੱਡਾ ਕਾਰਨ ਵੀ ਗੁਰਦੁਆਰੇ ਦੀ ਝਾਕ ਹੈ। ['ਸਿੱਖੀ' ਸਰੂਪ' ਟਰੈਕਟ ਵਿਚੋਂ


## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੨-੫੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾਂ | ੦-੫੦ |


www.AKJ.Org

# ਭਗਤਿ ਨਵੈ ਪਰਕਾਰਾ (੨)

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਭਾਰਤੀ ਧਰਮ-ਚਿੰਤਕਾਂ ਦੀ ਨੌਂ ਪ੍ਰਕਾਰ ਦੀ ਭਗਤੀ ਨੂੰ 'ਗੁਰਮਤਿ' ਕਿਵੇਂ ਆਪਣੇ ਅੰਦਰ ਸਮੋਈ ਬੈਠੀ ਹੈ, ਇਸ ਬਾਰੇ ਜੂਨ ੧੯੯੧ ਦੇ 'ਸੂਰਾ' ਵਿਚ ਵਿਚਾਰ ਕੀਤੀ ਗਈ ਹੈ। ਗੁਰਮਤਿ ਨੇ ਸਿੱਖ ਨੂੰ ਹੋਰ ਦੋ ਪ੍ਰਕਾਰ ਦੀ ਭਗਤੀ ਕਰਨ ਦੀ ਜਾਚ ਵੀ ਸਿਖਾਈ ਹੈ :–

(ੳ) ਜੀਵ ਰੂਪ ਇਸਤ੍ਰੀ, ਪਰਮੇਸ਼ਰ ਰੂਪ ਪਤੀ।

(ਅ) ਬਾਲਕ ਰੂਪ ਜੀਵ ਅਤੇ ਪਿਤਾ ਰੂਪ ਪਰਮੇਸ਼ਰ ।

**(ੳ) ਇਸਤ੍ਰੀ ਰੂਪ ਵਿਚ ਭਗਤੀ–**

ਪਹਿਲਾਂ ਇਸਤ੍ਰੀ ਰੂਪ ਵਿਚ ਭਗਤੀ ਤੇ ਵਿਚਾਰ ਕਰੀਏ । ਪੁਰਾਤਨ ਭਾਰਤੀ-ਚਿੰਤਨ ਵਿਚ ਇਸਤ੍ਰੀ ਨੂੰ ਪਤੀ ਦੀ ਕੇਵਲ ਸੇਵਾਦਾਰਨੀ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ। ਉਸ ਨੂੰ ਧਰਮ-ਪੁਸਤਕਾਂ ਦੇ ਅਧਿਐਨ, ਜਾਂ ਪੁਰਸ਼ ਲਈ ਜੋ ਧਾਰਮਕ ਕਰਮ-ਧਰਮ ਨਿਰਧਾਰਤ ਕੀਤੇ ਗਏ ਸਨ, ਉਹ ਇਸਤ੍ਰੀ ਲਈ ਜ਼ਰੂਰੀ ਨਹੀਂ ਸਮਝੇ ਗਏ। ਇਸਤ੍ਰੀ ਨੂੰ ਤਾਂ ਪੌਰਾਣਿਕ ਕਥਾਵਾਂ ਨਾਲ ਵਰਚਾਅ ਕੇ, ਪਤੀ ਦੀ ਵੱਡੀ ਉਮਰ ਲਈ ਤੇ ਉਸਦੀ ਸਰੀਰਕ ਸੁਖ ਸਾਂਦ ਲਈ ਕਦੀ ਪੂਰਨਮਾਸ਼ੀ ਦਾ ਵਰਤ ਰਖਵਾਇਆ ਗਿਆ, ਕਦੀ ਕਰਵਾ ਚੌਥ ਦਾ, ਕਦੇ ਇਕਾਦਸ਼ੀ ਦਾ, ਕਦੀ ਸੋਮਾਵਤੀ, ਅਮਾਵਸ ਦਾ; ਅਤੇ ਕਦੀ ਸਤ-ਨਾਰਾਇਣ ਦੀ ਕਥਾ ਦੇ ਬਹਾਨੇ ਵਰਤ ਰਖਵਾਇਆ ਜਾਂਦਾ ਰਿਹਾ ਹੈ। ਭਾਵ, ਉਹ ਵਿਚਾਰੀ ਹੁਣ ਤਕ ਬ੍ਰਾਹਮਣਾਂ ਦੇ ਕਹੇ ਕਹਾਏ ਪਤੀ ਦੀ ਸੁਖ-ਸਾਂਦ ਲਈ ਜ਼ਿੰਦਗੀ ਦਾ ਕਾਫ਼ੀ ਸਮਾਂ ਭੁਖਿਆਂ ਰਹਿੰਦੀ ਆਈ ਹੈ, ਭਾਵੇਂ ਉਸਦਾ ਪਤੀ ਭਗਤ ਹੋਵੇ ਜਾਂ ਨਾ, ਪਤੀ ਸ਼ਰਾਬੀ ਹੋਵੇ ਜਾਂ ਵਿਭਚਾਰੀ, ਤੇ ਤ੍ਰੇਸਨੂੰ ਕੁਟਦਾ ਮਾਰਦਾ ਕਿਉਂ ਨਾ ਹੋਵੇ। ਪਰ ਕਿਉਂਕਿ ਉਹ ਉਸਦਾ ਸੁਹਾਗ ਹੈ ਤੇ ਉਸਦੇ ਜੀਉਂਦੇ ਜੀ ਉਹ ਸੁਹਾਗਣ ਭਾਗਣ ਬਣੀ ਰਹਿ ਸਕਦੀ ਹੈ, ਇਸ ਗੱਲ ਪਿਛੇ ਉਹ ਅੰਤਾਂ ਦੇ ਦੁਖੜੇ ਸਹਾਰਦੀ ਆਈ ਹੈ। ਇਨ੍ਹਾਂ ਵਰਤਾਂ ਰਾਹੀਂ ਉਹ ਸਾਲ ਵਿਚ ੧੩੫ ਦਿਨ ਭੁਖੀ ਰਹਿੰਦੀ ਹੈ।

ਗੁਰਮਤਿ ਨੇ ਇਸਤ੍ਰੀ ਦੀ ਆਪਾ ਵਾਰਣ ਦੀ ਇਸ ਕਦਰ ਰੁਚੀ ਨੂੰ ਨਵੀਂ ਸੇਧ ਦਿੱਤੀ ਅਤੇ ਇਸਤ੍ਰੀ ਨੂੰ ਆਪਣੀ ਸਹੀ ਪਹਿਚਾਣ ਕਰਵਾਈ ਕਿ ਸਭਨਾਂ ਜੀਵਾਂ ਦਾ ਪਰਮੇਸ਼ਰ ਆਪ ਹੀ ਪਤੀ ਹੈ। ਇਹ ਸੰਸਾਰਕ ਪਤੀ ਚਾਰ ਦਿਹਾੜੇ ਦੇ ਹਨ। ਇਹ ਨਾਸ਼ਮਾਨ ਹਨ। ਸਚੀ ਅਤੇ ਅਜਲ ਸੁਹਾਗਣ ਉਹੋ ਇਸਤ੍ਰੀ ਬਣ ਸਕਦੀ ਹੈ ਜੋ ਪਰਮੇਸ਼ਰ ਦੀ ਭਗਤੀ ਕਰੇ–

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥
ਜਿਸਨੋ ਨਦਰਿ ਕਰੇ, ਸਾ ਸੋਹਾਗਣਿ ਹੋਇ ॥੪॥੧੦॥ (ਆਸਾ ਮ: ੧–੩੫੧)

ਫਿਰ ਐਸੀ ਸੁਹਾਗਣ ਲਈ ਸ਼ਿੰਗਾਰ-ਵਿੱਧੀ ਭੀ ਦਰਸਾਈ ਹੈ–

ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ॥
ਤਾ ਸੋਹਾਗਣਿ ਜਾਣੀਐ ਲਾਗੀ, ਜਾ ਸਹੁ ਧਰੇ ਪਿਆਰੋ ॥੩॥੪॥ (ਤਿਲੰਗ ਮ: ੧–੭੨੨)

ਸੁਹਾਗਣ ਦੀ ਭਗਤੀ ਵਿਚ ਪਰਮੇਸ਼ਰ ਲਈ ਜਿਥੇ ਅਥਾਹ ਪਿਆਰ, ਸਿਦਕ, ਭਰੋਸੇ ਦੀ ਲੋੜ ਹੈ, ਉਥੇ ਉਸਦੇ ਲਈ ਹਰ ਤਰ੍ਹਾਂ ਦੀ ਭੈ-ਭਾਵਨੀ ਦੀ ਭੀ ਅਤਿ ਜ਼ਰੂਰਤ ਹੈ। ਉਸਦੇ ਹੁਕਮ ਵਿਚ ਜੀਵਨ ਬਤੀਤ ਕਰਨਾ ਤੇ ਸਦਾ ਖੇੜੇ ਵਿਚ ਰਹਿਣਾ ਇਹ ਉਸਦਾ (*Conduct*) ਸੁਭਾਅ ਅਤੇ ਆਚਰਣ ਬਣ ਜਾਂਦਾ ਹੈ।

ਮੈਂ ਕਾਮਣਿ ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ॥
ਜਾਂ ਤਿਸੁ ਭਾਵੈ ਤਾਂ ਕਰੇ ਭੋਗੁ॥ ਤਨੁ ਮਨੁ ਸਾਚੇ ਸਾਹਿਬ ਜੋਗੁ॥੧॥ਰਹਾਉ॥੪॥ (ਪੰਨਾ ੧੧੨੮)

ਇਸਤ੍ਰੀ ਜਾਤੀ ਨੂੰ ਇਸ ਤਰ੍ਹਾਂ ਦੀ ਸੇਧ ਮਿਲਣ ਦਾ ਇਕ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਪ੍ਰਭੂ-



www.AKJ.Org

ਭਗਤੀ ਦੇ ਪਲੇਟ ਫ਼ਾਰਮ ਦੇ ਸਾਹਮਣੇ **ਇਸਤ੍ਰੀ ਅਤੇ ਮਰਦ,** ਪਤੀ ਅਤੇ ਪਤਨੀ ਬਰਾਬਰ, ਹੱਥ ਜੋੜ ਕੇ ਸੁਹਾਗਣ ਬਣਨ ਦਾ ਤਰਲਾ ਲੈਣ। ਮਰਦ ਕਿਤੇ ਆਪਣੇ ਮਰਦ ਹੋਣ ਦੇ ਅਭਿਮਾਨ ਵਿਚ ਹੀ ਨਾ ਰੁੜ੍ਹਿਆ ਰਹੇ, ਉਸ ਨੂੰ ਭੀ ਸਤਿਗੁਰਾਂ ਨੇ ਇਉਂ ਸਮਝਾਇਆ ਹੈ :–

ਇਸੁ ਜਗ ਮਹਿ ਪੁਰਖੁ ਏਕੁ ਹੈ, ਹੋਰ ਸਗਲੀ ਨਾਰਿ ਸਬਾਈ ॥
ਸਭਿ ਘਟ ਭੋਗਵੈ ਅਲਿਪਤੁ ਰਹੈ, ਅਲਖੁ ਨ ਲਖਣਾ ਜਾਈ ॥
ਪੂਰੈ ਗੁਰਿ ਵੇਖਾਲਿਆ, ਸਬਦੇ ਸੋਝੀ ਪਾਈ ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ, ਜਿਨੀ ਹਉਮੈ ਸਬਦਿ ਜਲਾਈ ॥੨॥

(ਮ: ੩, ਵਡਹੰਸ ਕੀ ਵਾਰ–੫੯੧-੯੨)

ਮਰਦ ਇਸਤ੍ਰੀ ਨੂੰ ਇਕੋ ਪਲੇਟ ਫ਼ਾਰਮ ਤੇ **ਪਰਮਾਤਮਾ** ਦੀ ਭਗਤੀ ਵਿਚ ਲਾਉਣਾ ਇਹ ਗੁਰੂ ਸਾਹਿਬਾਨ ਦੀ ਭਗਤੀ-ਮਾਰਗ ਵਿਚ ਬਹੁਤ ਵੱਡੀ ਦੇਣ ਹੈ। ਅਤੇ ਇਹੋ ਗੁਰਮਤਿ ਦੀ ਵਿਲੱਖਣਤਾ ਹੈ, ਜਿਸ ਨੂੰ ਬ੍ਰਾਹਮਣ ਨੇ ਨਾ ਆਪ ਪਰਵਾਨਿਆ ਹੈ ਤੇ ਨਾ ਹੀ ਵੇਦ ਸ਼ਾਸਤਰੀ ਧਰਮ ਵਿਚ ਇਸਨੂੰ ਮਾਨਤਾ ਦਿਤੀ ਗਈ ਹੈ।

ਮਰਦ ਦੀ ਦੁਨੀਆ ਹੋਰ ਹੁੰਦੀ ਹੈ, ਇਸਤ੍ਰੀ ਦੀ ਹੋਰ। ਮਰਦ ਅੰਦਰ ਉਹ ਕੋਮਲ ਭਾਵ ਨਹੀਂ ਹੁੰਦੇ ਜੋ ਇਸਤ੍ਰੀ ਅੰਦਰ ਜਮਾਂਦਰੂ ਹੀ ਮੌਜੂਦ ਹੁੰਦੇ ਹਨ। ਇਸਤ੍ਰੀ ਜਾਮੇ ਵਿਚ ਇਸਤ੍ਰੀ ਦਾ ਸਭ ਤੋਂ ਵੱਡਾ ਜੀਵਨ-ਮਨੋਰਥ ਸੁਹਾਗਣ ਬਣਨਾ ਹੈ। ਇਸਤ੍ਰੀ ਨੇ ਤਾਂ ਇਕ ਪਉੜੀ ਹੋਰ ਉਤਾਹਾਂ ਚੜ੍ਹਨੀ ਹੈ, ਸੰਸਾਰਕ ਵਿਹਾਰਕ ਪਤੀ ਤੋਂ ਉਪਰ ਭੀ ਇਕੋ ਇਕ ਪਤੀ-ਪਰਮੇਸ਼ਰ ਦੀ ਪਉੜੀ। ਇਹ ਉਸ ਲਈ ਸੌਖੀ ਗੱਲ ਹੈ, ਪਰ ਪਤੀ ਲਈ ਪਰਮੇਸ਼ਰ ਦੀ "ਇਸਤ੍ਰੀ ਰੂਪ ਚੇਰੀ ਕੀ ਨਿਆਈ"* ਸੇਵਾ ਕਰਨੀ, ਅਰਾਧਨਾ ਕਰਨਾ, ਉਸਦੇ ਹੁਣ ਤਕ ਦੇ ਬਣੇ ਹੋਏ ਹਉ ਵਾਲੇ ਸੁਭਾਅ ਦੇ ਉਲਟ ਹੈ। ਉਸ ਲਈ ਇਹ ਕਠਨ ਹੋ ਸਕਦਾ ਹੈ। ਪਰ ਵਾਹਿਗੁਰੂ ਜੀ ਦੇ ਅਨੇਕਾਂ ਪਿਆਰੇ ਹੁਣ ਭੀ ਮੌਜੂਦ ਹਨ, ਜੋ ਆਪਣੇ ਆਪ ਨੂੰ ਉਸ ਦੀਆਂ ਸੁਹਾਗਣਾਂ ਬਣਨ ਦੇ ਚਾਅ ਵਿਚ ਸੇਵਾ ਸਿਮਰਨ ਕਰਦੇ ਹਨ।

**ਬਾਲਕ ਰੂਪ ਵਿਚ ਭਗਤੀ–**

ਜਿਨ੍ਹਾਂ ਪੁਰਸ਼ਾਂ ਨੂੰ ਸੁਹਾਗਣ ਬਣਨਾ ਔਖਾ ਲਗਦਾ ਹੈ, ਸਤਿਗੁਰਾਂ ਨੇ ਉਹਨਾਂ ਲਈ **ਬਾਲਕ-ਭਗਤੀ** ਦਾ ਵਿਧਾਨ ਕੀਤਾ ਹੈ। ਬੱਚਾ ਅਕਲ ਦਾ ਕੱਚਾ ਮੰਨਿਆ ਗਿਆ ਹੈ। ਬਾਲਕ ਅਵਸਥਾ ਵਿਚ ਜੇ ਬੱਚਾ ਕੋਈ ਅਪਰਾਧ ਭੀ ਕਰ ਦੇਵੇ ਤਾਂ ਉਸਨੂੰ ਇਸ ਕਰਕੇ ਬਖਸ਼ਿਆ ਜਾਂਦਾ ਹੈ ਕਿ ਇਸ ਦੀ ਮਤ ਥੋੜੀ ਹੈ, ਇਹ ਅਜਾਣ ਹੈ। ਮਾਤਾ ਪਿਤਾ, ਸਮਾਜ, ਕਾਨੂੰਨ ਆਦਿ ਸਭ ਸੰਸਥਾਵਾਂ ਬੱਚੇ ਦੇ ਕੀਤੇ ਅਪਰਾਧ ਜਾਂ ਭੁਲਾਂ ਨੂੰ ਰਿਆਇਤ ਦੀ ਦ੍ਰਿਸ਼ਟੀ ਨਾਲ ਵੇਖਦੇ ਅਤੇ ਭੁਲ ਬਖਸ਼ ਦੇਂਦੇ ਹਨ।

ਪ੍ਰਭੂ ਜੀ ਦੇ ਕਾਨੂੰਨੀ ਵਿਧਾਨ ਵਿਚ **ਬਾਲਕ-ਬੁਧਿ** ਵਾਲਿਆਂ ਲਈ ਕੁਝ ਰਿਆਇਤ ਦਾ ਜ਼ਿਕਰ ਗੁਰਬਾਣੀ ਇਉਂ ਕਰਦੀ ਹੈ–

(ੳ) ਰਾਮਈਆ ਹਉ ਬਾਰਿਕੁ ਤੇਰਾ ॥ ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ਰਹਾਉ॥
ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥੧੨॥

(ਆਸਾ ਕਬੀਰ ਜੀ, ੪੭੮)

(ਅ) ਹਮ ਬਾਰਿਕ ਮੁਗਧ ਇਆਨ, ਪਿਤਾ ਸਮਝਾਵਹਿਗੇ ॥
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੋ ॥੧॥੬॥ (ਮ: ੪–੧੩੨੧)

(ੲ) ਮੇਰੇ ਰਾਮ, ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
ਧੰਨੁ ਧੰਨੁ ਗੁਰੂ, ਗੁਰੁ ਸਤਿਗੁਰੁ ਪਾਧਾ, ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ਰਹਾਉ॥੫੧॥

(ਗਉੜੀ ਬੈਰਾਗਣ ਮ: ੪, ੧੬੮)

---

*ਮਲਾਰ ਮ: ੫, ॥੧॥੭॥ ਧੰਨਾ ੧੨੬੯



www.AKJ.Org

ਸਤਿਗੁਰੂ ਪਾਧਾ ਹੈ, ਸਿਖ ਇਆਣੇ ਬਾਲਕ ਹਨ। ਪਰ ਸਤਿਗੁਰੂ ਧੰਨ ਧੰਨ ਹੈ, ਜੋ ਸਾਡੇ ਵਰਗੇ ਮੂਰਖ ਮੁਗਧ ਇਆਣੇ ਬਾਲਕਾਂ ਦੇ ਕੈਸੇ ਕੈਸੇ ਅਉਗੁਣ ਬਖਸ਼ ਕੇ ਆਪਣੇ ਗਲ ਲਾ ਲੈਂਦਾ ਹੈ। ਫਿਰ ਆਪਣਾ ਮਿੱਠਾ ਉਪਦੇਸ਼ ਦੇ ਕੇ ਸਾਨੂੰ ਰੱਬੀ ਸੂਝ ਬੂਝ ਦੀ ਬਖਸ਼ਸ਼ ਕਰਦਾ ਹੈ।

ਇਕ ਹੋਣਹਾਰ ਅਤੇ ਸਿਆਣੇ ਹੋਏ ਹੋਏ ਮਰਦ ਲਈ ਜਾਂ ਢਲਦੀ ਉਮਰ ਦੇ ਅੱਧਖੜ ਲਈ ਜੇ ਸੁਹਾਗਣ ਬਣਨਾ ਔਖਾ ਹੈ ਤਾਂ ਕੀ ਉਸ ਲਈ ਅਜਾਣ ਬਾਲਕ ਬਣਨਾ ਕੋਈ ਸੌਖਾ ਕੰਮ ਹੈ? ਕਾਫੀ ਮੁਸ਼ਕਲ ਗੱਲ ਹੈ। ੩੦–੫੦ ਸਾਲ ਦੀ ਉਮਰ ਤਕ ਦਾ ਬੰਦਾ ਆਪਣੇ ਦੀਨ ਵਲੋਂ ਭਾਵੇਂ ਕੋਰਾ ਹੀ ਹੋਵੇ, ਪਰ ਦੁਨਿਆਵੀ ਤੌਰ ਤੇ ਉਹ ਆਪਣੇ ਆਪ ਨੂੰ ਬੜਾ ਸਿਆਣਾ ਤੇ ਸਮਝਦਾਰ ਸਮਝਣ ਲੱਗ ਪੈਂਦਾ ਹੈ। ਲੁਕਾਈ ਭੀ ਉਸ ਦਾ ਸਤਿਕਾਰ ਕਰਦੀ ਹੈ। ਕਈ ਸਭਾ ਸੁਸਾਇਟੀਆਂ ਦਾ ਉਹ ਸਲਾਹਕਾਰ ਜਾਂ ਅਹੁਦੇਦਾਰ ਬਣ ਜਾਂਦਾ ਹੈ। ਰੀਟਾਇਰ ਹੋ ਕੇ ਭੀ ਉਹ ਲੋਕ-ਸੇਵੀ ਕੰਮਾਂ ਵਿਚ ਰੁਝਿਆ ਰਹਿੰਦਾ ਹੈ। ਐਸਾ ਬੰਦਾ ਆਪਣੀ ਸਾਰੀ ਇਕੱਠੀ ਕੀਤੀ ਸਿਆਣਪ ਕਿਵੇਂ ਡੱਬੀ-ਬੰਦ ਕਰ ਕੇ ਇਕ ਪਾਸੇ ਧਰੇ ਤੇ ਬਾਲਕ ਬਣ ਜਾਵੇ? ਇਹੋ ਔਖੀ ਕਾਰ ਹੈ।

ਪਰ ਜੇ ਉਸ ਨੇ ਮਨ ਨਾਲ ਨਿਸਚੇ ਕਰ ਲਿਆ ਹੈ ਕਿ ਇਹ ਜਨਮ ਵਾਹਿਗੁਰੂ ਜੀ ਦੇ ਲੇਖੇ ਲਾਉਣਾ ਹੈ, ਜਾਂ ਘਟੋ ਘਟ ਜ਼ਿੰਦਗੀ ਦਾ ਬਾਕੀ ਬਚਿਆ ਹਿੱਸਾ ਭਜਨ ਬੰਦਗੀ ਵਿਚ ਬਿਤਾਉਣਾ ਹੈ ਤਾਂ ਫਿਰ ਗੱਲ ਕੋਈ ਔਖੀ ਨਹੀਂ। ਜੋ ਸਿਆਣਪਾਂ ਬੰਦੇ ਨੇ ਇਕੱਠੀਆਂ ਕੀਤੀਆਂ ਹਨ, ਉਹ ਕੇਵਲ ਇਸ ਸੰਸਾਰ ਲਈ ਹੀ ਹਨ, ਅਤੇ ਉਹ ਇਥੇ ਹੀ ਕੰਮ ਆ ਸਕਦੀਆਂ ਹਨ। ਪਰ ਜੇ ਬੰਦੇ ਨੇ ਪਰਲੋਕ ਲਈ ਕੁਝ ਸਿਖਣਾ-ਸਮਝਣਾ ਹੈ ਤਾਂ ਉਸਨੂੰ ਗੁਰਮਤਿ ਦੀ ਪਾਠਸ਼ਾਲਾ ਵਿਚ ਪਰਲੋਕਿਕ ਬਾਲ-ਬੁਧ ਤੋਂ ਹੀ ਕੰਮ ਸ਼ੁਰੂ ਕਰਨਾ ਪੈਣਾ ਹੈ ਅਤੇ ਦੁਨਿਆਵੀ ਸਿਆਣਪਾਂ ਛਡਣੀਆਂ ਪੈਣੀਆਂ ਹਨ। ਸਤਿਗੁਰੂ ਫੁਰਮਾਉਂਦੇ ਹਨ–

ਚਤੁਰਾਈ ਨਹ ਚੀਨਿਆ ਜਾਇ ॥
ਬਿਨੁ ਮਾਰੇ ਕਿਉ ਕੀਮਤਿ ਪਾਈ ॥੧॥ਰਹਾਉ॥੨॥ (ਗਉੜੀ ਗੁਆ: ਮ: ੧–੨੨੧)

ਇਥੇ ਤਾਂ ਮਨ ਨੂੰ ਗੁਰੂ ਉਪਦੇਸ਼ ਦੇ ਅਧੀਨ ਮਾਰਨਾ ਹੀ ਲਾਹੇਵੰਦ ਹੈ। ਮਨ ਨੇ ਜੇਕਰ ਆਪਣੀ ਮਤਿ ਅਨੁਸਾਰ ਗੁਰੂ ਉਪਦੇਸ਼ ਤੇ ਕਿੰਤੂ ਜਾਂ ਤਰਕ ਹੀ ਕਰਨੀ ਹੈ ਤਾਂ ਜਾਣੋ ਉਹ ਸਿਆਣਪਾਂ ਅਜੇ ਛਡਣ ਨੂੰ ਤਿਆਰ ਨਹੀਂ ਹੈ। ਇਥੇ ਤਾਂ ਇਕ ਵਿਦਿਆਰਥੀ ਸਤਿਸੰਗੀ ਦੂਜੇ ਨੂੰ ਇਹੋ ਉਪਦੇਸ਼ ਕਰਦਾ ਸੁਣੀਦਾ ਹੈ:–

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥੩॥
(ਸੂਹੀ ਮ: ੫, ਪੰਨਾ ੭੬੩)

ਭਾਈ ਗੁਰਦਾਸ ਜੀ ਇਸੇ ਗੱਲ ਨੂੰ ਇਉਂ ਸਮਝਾਂਦੇ ਹਨ–

ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣੁ ਜੁ ਰਹੈ ਨਿਮਾਣਾ ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ ॥ (ਵਾਰ ੧੨/੩)
ਪਹਿਲਾਂ ਗੁਰਮੁਖਿ ਜਨਮੁ ਲੈ, ਭੈ ਵਿਚਿ ਵਰਤੈ ਹੋਇ ਇਆਣਾ ॥
ਗੁਰ ਸਿਖ ਲੈ, ਗੁਰਸਿਖੁ ਹੋਇ, ਭਾਇ ਭਗਤਿ ਵਿਚਿ ਖਰਾ ਸਿਆਣਾ ॥ (ਵਾਰ ੩੨/੧)

ਗੁਰਮਤਿ ਦੁਆਰਾ ਦਰਸਾਈ ਗਈ ਉਪਰੋਕਤ ਭਗਤੀ ਦੀਆਂ ਦੋਵੇਂ ਜਾਚਾਂ ਵਿਚਾਰਨ ਜੋਗ ਹਨ। ਗੁਰੂ ਅਰਜਨ ਦੇਵ ਜੀ ਬਸੰਤ ਰਾਗ ਵਿਚ ਕੁਝ ਭਗਤਾਂ ਦੀ ਪ੍ਰਭੂ-ਭਗਤੀ ਦਾ ਜ਼ਿਕਰ ਕਰਦੇ ਹੋਏ ਫੁਰਮਾਂਦੇ ਹਨ–

ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥੪॥...... ❋



www.AKJ.Org

# ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਰਾਜ਼

ਇਤਿਹਾਸ ਦਸਦਾ ਹੈ ਕਿ ਭਿਆਨਕ ਸੰਕਟ ਭਰੇ ਸਮੇਂ ਵਿਚ ਵੀ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਸਮਝਦੇ ਸਨ ਕਿ ਜੋ ਕੁਝ ਹੋ ਰਿਹਾ ਹੈ, ਸਭ ਗੁਰੂ ਦੇ ਭਾਣੇ ਵਿਚ ਹੋ ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਚਹੁੰ ਸਾਹਿਬ-ਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਛੀਵਾੜੇ ਦੇ ਕੰਡਿਆਲੇ ਜੰਗਲਾਂ ਵਿਚ ਨੰਗੀ ਪੈਰੀਂ ਵਿਚਰਨ ਨਾਲ ਸੰਬੰਧਤ ਕਥਾਵਾਂ ਉਹਨਾਂ ਦੇ ਇਸ ਵਿਸ਼ਵਾਸ ਨੂੰ ਹੋਰ ਵੀ ਵਧੇਰੇ ਦ੍ਰਿੜ ਕਰਦੀਆਂ ਸਨ।

ਉਹਨਾਂ ਦੀ ਇਸ ਤਰ੍ਹਾਂ ਦੀ ਚੜ੍ਹਦੀ ਕਲਾ ਦੀ ਸੋਚਣੀ, ਉਹਨਾਂ ਦੇ ਵਿਸ਼ਵਾਸ ਅਤੇ ਹੌਸਲੇ ਨੂੰ ਡੋਲਾਉਣ ਦੀ ਬਜਾਏ ਉਹਨਾਂ ਨੂੰ ਹਰ ਜ਼ੁਲਮ ਦਾ ਟਾਕਰਾ ਕਰਨ ਦਾ ਉਤਸ਼ਾਹ ਦੇ ਰਹੀ ਸੀ। ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖਾਂ ਦੀਆਂ ਸ਼ਹਾਦਤਾਂ ਨਾਲ ਭਰਪੂਰ ਇਤਿਹਾਸ ਉਹਨਾਂ ਦੀ ਪ੍ਰੇਰਨਾ ਦਾ ਸ੍ਰੋਤ ਹੈ।

**ਅਜਿਹੇ ਸੰਕਟ ਭਰੇ ਸਮੇਂ ਵਿਚ ਵੀ ਸਿੱਖੀ ਆਚਰਨ ਸਿਖਰ ਉਤੇ ਸੀ।** ਉਨ੍ਹਾਂ ਪ੍ਰਤੀ ਲੋਕਾਂ ਦਾ ਕਿਤਨਾ ਦ੍ਰਿੜ ਵਿਸ਼ਵਾਸ ਸੀ, ਇਸ ਦਾ ਪ੍ਰਗਟਾਵਾ ਉਸ ਸਮੇਂ ਪ੍ਰਚਲਤ ਅਖਾਣ 'ਆਏ ਨੇ ਨਿਹੰਗ, ਬੂਹਾ ਖੋਲ੍ਹ ਦੇ ਨਿਸੰਗ' ਤੋਂ ਸਪੱਸ਼ਟ ਰੂਪ ਵਿਚ ਹੋ ਜਾਂਦਾ ਹੈ। ਗ੍ਰਿਫਨ ਉਸ ਸਮੇਂ ਦੇ ਸਿੱਖਾਂ ਦੇ ਆਚਰਨ ਦਾ ਵਰਨਣ ਕਰਦਿਆਂ ਲਿਖਦਾ ਹੈ, "ਔਰਤਾਂ ਦੀ ਬੇਪਤੀ ਅਤੇ ਮਰਦਾਂ ਦੇ ਤਸ਼ੱਦਦ ਕਰਨ ਦੀਆਂ ਉਦਾਹਰਣਾਂ ਸਿਖ ਇਤਿਹਾਸ ਵਿਚੋਂ ਢੂੰਡਿਆਂ ਵੀ ਨਹੀਂ ਮਿਲਦੀਆਂ।"

ਕਾਜ਼ੀ ਨੂਰ ਮੁਹੰਮਦ, ਜੋ ਸਿੱਖਾਂ ਨੂੰ ਸੱਗ (ਕੁੱਤੇ) ਆਖਦਾ ਹੈ, ਉਹ ਵੀ ਇਹ ਲਿਖਣੋਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ ਕਿ 'ਸ਼ਾਬਾਸ਼! ਉਹ ਸੱਗਾਂ ਦੀ ਕੌਮ, ਜੋ ਦੁਸ਼ਮਣ ਦੀ ਮਾਂ-ਬੇਟੀ ਨੂੰ ਵੀ ਆਪਣੀ ਮਾਂ-ਬੇਟੀ ਸਮਝਦੀ ਹੈ।"

ਇਹੀ ਉਹ ਕਾਰਨ ਸਨ ਜਿਨ੍ਹਾਂ ਦੇ ਫਲ-ਸਰੂਪ ਆਮ ਲੋਕਾਂ ਦੇ ਦਿਲ ਵਿਚ ਸਿੱਖਾਂ ਲਈ ਹਮਦਰਦੀ ਅਤੇ ਜਜ਼ਬਾਤੀ ਲੋਕਾਂ ਦੇ ਦਿਲ ਵਿਚ ਸਿਖ ਬਣਨ ਦੀ ਲਾਲਸਾ ਪੈਦਾ ਹੁੰਦੀ ਰਹੀ। ਅਬਦੁੱਸਮਦ ਖ਼ਾਨ ਅਤੇ ਜ਼ਕਰੀਆ ਖ਼ਾਨ ਆਦਿ ਵਰਗੇ ਜ਼ਾਲਮ ਹੁਕਮਰਾਨਾਂ ਦੇ ਬੇ-ਬਹਾ ਜ਼ੁਲਮੀ ਤੂਫਾਨ ਵਿਚ ਵੀ ਇਸੇ ਭਾਵਨਾ ਅਤੇ ਸਿੱਖੀ ਜਜ਼ਬੇ ਨੇ ਸਿੱਖੀ ਦੀ ਜੋਤ ਨੂੰ ਬੁਝਣ ਨਹੀਂ ਸੀ ਦਿਤਾ। ਇਸੇ ਰੌਸ਼ਨੀ ਵਿਚ ਕੇਸਰ ਸਿੰਘ ਛਿੱਬਰ ਦੇ ਇਹ ਸ਼ਬਦ ਦੁਹਰਾਏ ਜਾ ਸਕਦੇ ਹਨ—ਲੱਖ ਹਜ਼ਾਰ ਸਿਖ ਤੁਰਕਾਂ ਖਪਾਏ। ਪਰ ਪੰਥ ਡਾਢੇ ਪੁਰਖ ਦਾ ਵਧਦਾ ਹੀ ਜਾਏ।

[ਸ: ਜਸਵੰਤ ਸਿੰਘ 'ਅਜੀਤ', ਸੰਪਾਦਕ 'ਸੀਸ ਗੰਜ' ਦਿਲੀ]

---

❋ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥ (ਪੰਨਾ ੧੧੯੨)

ਦਰ-ਅਸਲ ਗੁਰਬਾਣੀ ਨੇ ਤਾਂ ਸਾਨੂੰ ਭਗਤੀ ਕਰਨ ਦੇ ਕਈ ਢੰਗ ਸੁਝਾਏ ਹਨ, ਪਰ ਅਸੀਂ ਅਜੇ ਤਕ ਆਪਣੇ ਮਨ ਨਾਲ ਕੋਈ ਫੈਸਲਾ ਨਹੀਂ ਕਰ ਸਕੇ। ਵੈਸੇ ਗੁਰੂ ਮਹਾਰਾਜ ਤਾਂ ਬੜੇ ਜ਼ੋਰਦਾਰ ਸ਼ਬਦਾਂ ਵਿਚ ਸਾਨੂੰ ਪ੍ਰੇਰਨਾ ਦੇ ਰਹੇ ਹਨ, ਜੇ ਕਸਰ ਹੈ ਤਾਂ ਸਾਡੇ ਆਪਣੇ ਵਿਚ ਹੀ ਹੈ—

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥
ਨਾਨਕ, ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥੭॥ (ਡਖਣੇ ਮ: ੫, ੧੦੯੬)

ਆਓ, ਮਨ ਬਣਾਈਏ। 'ਇਸਤ੍ਰੀ ਰੂਪ ਚੇਰੀ ਕੀ ਨਿਆਈ' ਭਗਤੀ ਤੋਂ ਲੈ ਕੇ ਭੋਲੇ ਭਾਲੇ ਬਾਲਕ ਰੂਪ ਦੀ ਪ੍ਰੇਮਾ ਭਗਤੀ ਤਕ ਅਨੇਕਾਂ ਜੁਗਤਾਂ ਹਨ। ਲੋੜ ਹੈ ਇਨ੍ਹਾਂ ਨੂੰ ਕਮਾਉਣੀ ਦੀ। ਮਹਾਰਾਜ ਨੇ ਤਾਂ ਸਪੱਸ਼ਟ ਚਿਤਾਵਨੀ ਦਿਤੀ ਹੈ—'

**ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ** ॥੫॥੨੦॥ (ਪੰਨਾ ੨੯੦)



www.AKJ.Org

# ਭਾਈ ਪ੍ਰੇਮਾ ਕੋਹੜੀ

[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]

ਇਕ ਖੱਤਰੀ ਦੇ ਘਰ ਬਹੁਤ ਦੇਰ ਬਾਅਦ ਮੁੰਡਾ ਹੋਇਆ। ਮੁੰਡੇ ਦੀ ਮਾਂ ਤਾਂ ਛੇਤੀ ਹੀ ਮਰ ਗਈ, ਪਰ ਕੁਝ ਚਿਰ ਮਗਰੋਂ ਉਸ ਮੁੰਡੇ ਦਾ ਪਿਉ ਵੀ ਮਰ ਗਿਆ। ਉਸ ਦਾ ਕੋਈ ਭੈਣ ਭਰਾ ਜੀਉਂਦਾ ਨਾ ਰਿਹਾ। ਜ਼ਮੀਨ ਤੇ ਹੋਰ ਜਾਇਦਾਦ ਸ਼ਰੀਕਾਂ ਖੋਹ ਲਈ। ਉਸ ਮੁੰਡੇ ਦਾ ਨਾਂ ਸੀ ਪ੍ਰੇਮਾ। ਉਹ ਬੇਘਰ ਹੋ ਕੇ ਥਾਂ ਥਾਂ ਰੁਲਦਾ ਰਿਹਾ। ਉਸ ਨੂੰ ਚਮੜੀ ਦਾ ਰੋਗ ਹੋ ਗਿਆ, ਜੋ ਵਧਦਾ ਵਧਦਾ ਕੁਸ਼ਟ ਰੋਗ ਦਾ ਰੂਪ ਧਾਰਨ ਕਰ ਗਿਆ। ਇਹ ਛੂਤ ਦੀ ਬੀਮਾਰੀ ਸੀ, ਜਿਸ ਕਾਰਨ ਲੋਕਾਂ ਨੇ ਇਸਨੂੰ ਬਸਤੀ ਤੋਂ ਬਾਹਰ ਕਢ ਦਿੱਤਾ। ਵਸੋਂ ਵਾਲੇ ਇਲਾਕੇ ਵਿਚ ਕੋਈ ਜਾਣ ਨਾ ਦੇਵੇ। ਹੌਲੀ ਹੌਲੀ ਇਸ ਦੇ ਹੱਥ ਪੈਰ ਬੇਕਾਰ ਹੋ ਗਏ। ਕਿਸੇ ਨੇ ਟਿੰਡ ਬੰਨ੍ਹ ਦਿਤੀ। ਜੋ ਕੁਝ ਕਿਸੇ ਨੇ ਉਸ ਟਿੰਡ ਵਿਚ ਪਾਣਾ, ਉਹ ਪ੍ਰੇਮੇ ਨੇ ਖਾ ਲੈਣਾ।

ਇਕ ਦਿਨ ਐਸਾ ਆਇਆ, ਕੁਝ ਸੰਗਤਾਂ ਸ੍ਰੀ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਨ ਲਈ ਗੋਇੰਦਵਾਲ ਸਾਹਿਬ ਜਾ ਰਹੀਆਂ ਸਨ, ਪ੍ਰੇਮੇ ਕੋਲੋਂ ਲੰਘੀਆਂ। ਉਹਨਾਂ ਆਖਿਆ, ਪ੍ਰੇਮਿਆ ! ਜੇ ਤੂੰ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਪਹੁੰਚ ਜਾਵੇਂ ਤਾਂ ਤੂੰ ਰਾਜ਼ੀ ਹੋ ਸਕਦਾ ਹੈਂ। ਸਤਿਗੁਰ ਜੀ ਸਰਬ ਕਲਾ ਸਮਰੱਥ ਹਨ। ਉਹ "ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।" ਹਨ, ਕਿਸੇ ਤਰ੍ਹਾਂ ਉਨ੍ਹਾਂ ਕੋਲ ਪਹੁੰਚ ਜਾ ਪ੍ਰੇਮਾ ਦੁੱਖੀ ਸੀ, ਉਸ ਨੇ ਗੋਇੰਦਵਾਲ ਸਾਹਿਬ ਪਹੁੰਚਣ ਦਾ ਪ੍ਰੋਗਰਾਮ ਬਣਾ ਲਿਆ। ਮੰਗਦੇ ਪਿੰਨਦੇ ਆਖ਼ਰ ਇਕ ਦਿਨ ਗੋਇੰਦਵਾਲ ਸਾਹਿਬ ਪਹੁੰਚ ਹੀ ਗਿਆ। ਜਦ ਉਥੇ ਪਹੁੰਚਿਆ ਤਾਂ ਪਤਾ ਲਗਾ ਕਿ ਕੋਹੜੀ ਨੂੰ ਗੁਰੂ ਦਰਬਾਰ ਵਿਚ ਕੋਈ ਨਹੀਂ ਜਾਣ ਦਿੰਦਾ, ਇਹ ਗੱਲ ਸੁਣ ਕੇ ਬੜਾ ਨਿਰਾਸ਼ ਹੋਇਆ। ਗੁਰਸਿਖਾਂ ਨੇ ਭਾਈ ਪ੍ਰੇਮੇ ਨੂੰ ਬੜਾ ਦਿਲਾਸਾ ਦਿਤਾ, ਕਿਹਾ ਕਿ ਸਤਿਗੁਰੂ ਜਾਣੀ ਜਾਣ ਹਨ। ਤੂੰ ਗੁਰੂ ਚਰਨਾਂ ਵਿਚ ਅਰਦਾਸ ਕਰੀ ਚਲ, ਉਹ ਅੰਤਰਜਾਮੀ ਆਪ ਹੀ ਤੈਨੂੰ ਦਰਸ਼ਨ ਦੇ ਕੇ ਨਿਹਾਲ ਕਰਨਗੇ।

ਪ੍ਰੇਮਾ ਗੁਰੂ ਦਰਬਾਰ ਤੋਂ ਥੋੜੀ ਜਿਹੀ ਹਟਵੀਂ ਥਾਂ ਤੇ ਬਹਿਣ ਲਗ ਪਿਆ। ਲੰਗਰ ਵਿਚੋਂ ਪਰਸ਼ਾਦਾ ਪਹੁੰਚ ਜਾਇਆ ਕਰੇ। ਗੁਰਸਿਖਾਂ ਨੇ ਉਹਦੇ ਗੰਦੇ ਕਪੜੇ ਲਾਹ ਕੇ ਚੰਗੇ ਪਹਿਨਾ ਦਿਤੇ। ਹੁਣ ਗੁਰੂ ਘਰੋਂ ਚੰਗਾ ਪ੍ਰਸ਼ਾਦਾ ਮਿਲਣ ਕਰਕੇ ਉਸਦਾ ਮਨ ਖੁਸ਼ ਰਹਿਣ ਲਗਾ। ਸਰੀਰ ਵਿਚ ਪਹਿਲਾਂ ਨਾਲੋਂ ਕੁਝ ਨਰੋਆਪਨ ਆ ਗਿਆ। ਕੋਈ ਕੋਈ ਗੁਰਸਿਖ ਉਸ ਨੂੰ ਬਾਣੀ ਦੀ ਕੋਈ ਪੰਕਤੀ ਦਸ ਜਾਏ, ਓਹ ਉਸਨੂੰ ਕੰਠ ਕਰਦਾ ਰਹਿੰਦਾ ਸੀ। ਇਸ ਤਰ੍ਹਾਂ ਭਾਈ ਪ੍ਰੇਮੇ ਨੂੰ ਜਪੁਜੀ ਸਾਹਿਬ ਤੇ ਆਸਾ ਕੀ ਵਾਰ ਬਾਣੀਆਂ ਕੰਠ ਹੋ ਗਈਆਂ। ਪਾਠ ਕਰਨ ਤੋਂ ਬਾਅਦ ਉਸਦੀ ਸੁਰਤਿ ਗੁਰੂ ਚਰਨਾਂ ਵਿਚ ਜੁੜਨੀ ਸ਼ੁਰੂ ਹੋ ਗਈ ਤਾਂ ਉਸਨੇ ਉਚੀ ਉਚੀ ਇਹ ਗਾਉਣਾ ਆਰੰਭ ਕਰ ਦਿਤਾ, "ਗਯਾ ਕਛੋਟਾ ਲਧਾ, ਮੈਨੂੰ ਗਯਾ ਕਛੋਟਾ ਲਧਾ।"

ਇਸ ਤਰ੍ਹਾਂ ਉਸਨੇ ਪ੍ਰੇਮ ਵਿਚ ਆ ਕੇ ਗੁਰੂ ਅਗੇ ਅਰਦਾਸਾਂ ਕਰਨੀਆਂ। ਇਥੋਂ ਤਕ ਕਿ ਉਸ ਨੂੰ ਸਰੀਰ ਦੀ ਸੁਧ ਬੁਧ ਭੁੱਲ ਗਈ, ਗੁਰੂ ਦਰਸ਼ਨਾਂ ਦੀ ਸਿਕ ਰਹਿ ਗਈ। ਇਕ ਦਿਨ ਸਤਿਗੁਰੂ ਜੀ ਨੇ ਉਸ ਨੂੰ ਬੁਲਾ ਹੀ ਲਿਆ ਤੇ ਸਿੱਖਾਂ ਨੂੰ ਇਸ ਤਰ੍ਹਾਂ ਦਾ ਹੁਕਮ ਦਿੱਤਾ ਕਿ ਪ੍ਰੇਮੇ ਨੂੰ ਸਾਡੇ ਇਸ਼ਨਾਨ ਕੀਤੇ ਹੋਏ ਜਲ ਨਾਲ ਇਸ਼ਨਾਨ ਕਰਵਾ ਕੇ ਨਵੇਂ ਕਪੜੇ ਪੁਆ ਕੇ ਸਾਡੇ ਹਜ਼ੂਰ ਲੈ ਆਓ। ਸੇਵਕਾਂ ਨੇ ਉਸੇ ਤਰ੍ਹਾਂ ਕੀਤਾ। ਪ੍ਰੇਮਾ ਗੁਰੂ ਸਾਹਿਬ ਦੇ ਦਰਸ਼ਨ ਪਾ ਕੇ ਗਦ-ਗਦ ਹੋ ਗਿਆ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਮਨ-ਇਛਤ ਫਲ ਮੰਗਣ ਲਈ ਫ਼ੁਰਮਾਇਆ। ਹੁਣ ਗੁਰਸਿਖ ਦੀ ਸੁਰਤਿ ਉਚੀ ਚੱਲੀ ਗਈ। ਪ੍ਰੇਮਾ ਸੋਚਣ ਲੱਗਾ ਕਿ ਕੀ ਮੰਗਾਂ। ਜੇ ਦੇਹ-ਅਰੋਗਤਾ ਮੰਗ ਲਈ ਤਾਂ ਕੋਈ ਵੱਡੀ ਪ੍ਰਾਪਤੀ ਨਹੀਂ, ਕਿਉਂਕਿ ਇਕ ਦਿਨ ਤਾਂ ਮਰ ਹੀ ਜਾਣਾ ਹੈ, ਇਸ ਲਈ ਤਿਗੁਰ ਜੀ ਤੋਂ ਸਿਖੀ ਦਾਨ ਹੀ ਕਿਉਂ ਨ ਮੰਗ ਲਵਾਂ। ਇਹ ਸੋਚ ਕੇ ਕਹਿਣ ਲੱਗਾ, "ਮਹਾਰਾਜ ! ਤੁਹਾਡੇ ਦਰਸ਼ਨਾਂ ਦੀ ਸਿਕ ਸੀ, ਜੋ ਪੂਰੀ ਹੋ ਗਈ ਹੈ, ਹੁਣ ਹੋਰ ਕੁਝ ਨਹੀਂ ਚਾਹੀਦਾ। ਬਸ ਜੇ ਤੁਠੇ ਹੋ ਤਾਂ ਸਿਖੀ ਦਾਨ ਦੀ ਦਾਤ ਬਖਸ਼ ਦਿਉ।" ਇਹ ਸੁਣ ਕੇ ਸਤਿਗੁਰੂ ਜੀ ਬਹੁਤ ਖੁਸ਼ ਹੋਏ, ਉਸ ਨੂੰ ਗੁਰ-ਮੰਤਰ ਬਖਸ਼ ਦਿੱਤਾ।



www.AKJ.Org

# ਪੰਥ ਦੀ ਸਰਬ ਸਾਂਝੀ ਕਮੇਟੀ ਦੀ ਲੋੜ

ਪੰਥ ਦੀ ਵਰਤਮਾਨ ਦੁਰਦਸ਼ਾ ਨੂੰ ਮੁਖ ਰਖਦਿਆਂ ਸ਼੍ਰੋ: ਗ: ਪ੍ਰ: ਕਮੇਟੀ ਦੇ ਪਰਧਾਨ ਸ: ਬਲਦੇਵ ਸਿੰਘ ਸਿਬੀਆ ਵਲੋਂ ਪੰਥ ਦੀ ਇਕ ਸਰਬ ਸਾਂਝੀ ਕਮੇਟੀ ਦੀ ਸਥਾਪਨਾ ਸੰਬੰਧੀ ਅਪੀਲ ਮਿਤੀ ੨੨-੬-੯੧ ਦੀ 'ਅਜੀਤ' ਵਿਚ ਛਪੀ ਹੈ, ਚੂੰਕਿ ਪੰਥਕ ਏਕਤਾ 'ਸਮੇਂ ਦੀ ਸਭ ਤੋਂ ਵਡੀ ਲੋੜ' ਹੈ, ਅਖੰਡ ਕੀਰਤਨੀ ਜਥੇ ਨੇ ਇਸ ਸੁਝਾਅ ਦਾ ਸਮਰਥਨ ਕੀਤਾ ਹੈ ਅਤੇ ਇਸ ਸੰਬੰਧੀ ਹਰ ਕਿਸਮ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਹੈ । ਸੰਬੰਧਤ ਦਸਤਾਵੇਜ਼ ਦੀ ਨਕਲ ਥਲੇ ਦਿਤੀ ਜਾਂਦੀ ਹੈ ।

ਸੰਪਾਦਕ

**ਸਿਖ ਸੰਸਥਾਵਾਂ ਸੀ ਸਾਂਝੀ ਕਮੇਟੀ ਬਣੇ–**

ਮੁਕਤਸਰ, ੨੧ ਜੂਨ (ਇ:) ਸ: ਬਲਦੇਵ ਸਿੰਘ ਸਿਬੀਆ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੁਝਅ ਪੇਸ ਕੀਤਾ ਹੈ ਕਿ ਮੌਜੂਦਾ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਉਘੀਆਂ ਰਾਜਸੀ, ਧਾਰਮਿਕ ਅਤੇ ਜੁਝਾਰੂ ਸ਼ਖ਼ਸੀਅਤਾਂ ਦੀ ਇਕ ਸਾਂਝੀ ਕਮੇਟੀ ਕਾਇਮ ਹੋਣੀ ਚਾਹੀਦੀ ਹੈ, ਜੋ ਕਿ ਸਿਖ ਕੌਮ ਦੇ ਨਿਸ਼ਾਨੇ ਪ੍ਰਤੀ ਸਹੀ ਦਿਸ਼ਾ ਪ੍ਰਦਾਨ ਕਰ ਸਕੇ । ਇਸ ਤੋਂ ਇਲਾਵਾ ਇਹ ਕਮੇਟੀ ਸਿਖਾਂ ਨੂੰ ਚੋਣਾਂ ਬਾਰੇ ਵੀ ਆਪਣਾ ਪੱਖ ਪੇਸ਼ ਕਰੇ ਕਿ ਅਜੋਕੇ ਹਾਲਾਤ ਚਿ ਪੰਜਾਬ ਵਿਚ ਚੋਣਾਂ ਭਲਾ ਸਿਖ ਕੌਮ ਲਈ ਕਿੰਨੀਆਂ ਕੁ ਸਾਰਥਕ ਸਿੱਧ ਹੋ ਸਕਦੀਆਂ ਹਨ ।

–ਅਜੀਤ, ਮਿਤੀ ੨੨-੬-੯੧

**ਅਖੰਡ ਕੀਰਤਨੀ ਜਥੇ ਵਲੋਂ ਪਤ੍ਰਕਾ–**

ਪਰਮ ਪਿਆਰੇ ਸ: ਬਲਦੇਵ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਿਹ ॥

ਅਜ ੨੨-੬-੯੧ ਦੀ ਅਜੀਤ ਵਿਚ ਆਪ ਜੀ ਦਾ ਸੁਝਾਅ "ਧਾਰਮਕ ਅਤੇ ਜੁਝਾਰੂ ਸਿਖ ਸ਼ਖ਼ਸੀਅਤਾ ਦੀ ਇਕ ਸਾਂਝੀ ਕਮੇਟੀ ਕਾਇਮ ਕੀਤੀ ਜਾਵੇ" ਪੜ੍ਹਿਆ ਹੈ, 'ਪੰਥਕ ਏਕਤਾ' ਸਮੇਂ ਦੀ ਸਭ ਤੋਂ ਵੱਡੀ ਲੋੜ ਹੈ, ਇਸ ਲਈ ਮੌਜੂਦਾ ਸਥਿਤੀ ਵਿਚ ਆਪ ਜੀ ਦਾ ਸੁਝਾਅ ਪ੍ਰਸੰਸਾ ਯੋਗ ਹੈ ।

ਇਹ ਸੁਝਾਅ ਪ੍ਰੈਸ-ਸਟੇਟਮੈਂਟ ਤਕ ਹੀ ਸਹਿਮਤ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਨੂੰ ਅਮਲੀ ਤੌਰ ਤੇ ਸਾਖਿਆਤਕਾਰ ਕਰਨ ਲਈ ਕੋਈ ਨਿਗਰ ਉਪਰਾਲਾ ਕੀਤੇ ਜਾਣ ਦੀ ਲੋੜ ਹੈ ।

ਅਖੰਡ ਕੀਰਤਨੀ ਜਥਾ ਪੰਥਕ ਏਕਤਾ ਦੇ ਇਸ ਉਪਰਾਲੇ ਸੰਬੰਧੀ ਹਰ ਕਿਸਮ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਉਂਦਾ ਹੈ ।

ਨਿਘੇ ਪਿਆਰ ਸਤਿਕਾਰ ਸਹਿਤ

ਸ: ਬਲਦੇਵ ਸਿੰਘ 'ਸਿਬੀਆ'
ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ

ਆਪ ਜੀ ਦਾ ਹਿਤੂ
ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

---

❋ ਸਤਿਗੁਰ ਜੀ ਨੇ ਸਿੱਖੀ ਦਾਨ ਬਖਸ਼ ਕੇ ਉਹਦਾ ਨਾਮ 'ਮੁਰਾਰੀ' ਧਰ ਦਿਤਾ ਤੇ ਗੁਰਸਿੱਖਾਂ ਨੂੰ ਆਖਿਆ ਕਿ ਇਹ ਹੁਣ ਮੁਰਾਰੀ ਏ, ਭਾਵ ਸ੍ਰੀ ਕ੍ਰਿਸ਼ਨ ਵਰਗਾ ਸੁੰਦਰ ਏ । ਇਹਦਾ ਸਰੀਰ ਸੁੰਦਰ ਏ । ਸਤਿਗੁਰ ਨੇ ਭਰੇ ਦੀਵਾਨ ਵਿਚ ਆਖਿਆ ਕਿ ਕੋਈ ਗੁਰਸਿਖ ਹੈ ਜਿਹੜਾ ਇਸਨੂੰ ਆਪਣੀ ਲੜਕੀ ਦਾਨ ਕਰੇ ? ਇਹ ਸੁਣ ਕੇ ਸ਼ੀਹਾਂ ਉਪਲ ਗੁਰੂ ਘਰ ਦੇ ਪ੍ਰੇਮੀ ਨੇ ਆਪਣੀ ਲੜਕੀ ਦਾ ਰਿਸ਼ਤਾ ਮੁਰਾਰੀ ਨਾਲ ਕਰ ਦੇਣ ਦਾ ਬਚਨ ਕੀਤਾ । ਗੁਰੂ ਅਮਰਦਾਸ ਜੀ ਨੇ ਉਸੇ ਵਕਤ ਜੋੜੀ ਦਾ ਵਿਆਹ ਕਰਵਾ ਦਿੱਤਾ ।

ਭਾਈ ਸ਼ੀਹੇਂ ਦੀ ਇਸਤ੍ਰੀ ਨੇ ਗੁਰੂ ਜੀ ਕੋਲ ਰੋਸ ਕੀਤਾ ਕਿ ਇਹ ਕੋਹੜੀ ਏ, ਕੁਲਹੀਨ ਏ ਪਤਾ ਨਹੀਂ ਇਸਦਾ ਗੋਤ ਕੀ ਏ ਮੇਰੀ ਲੜਕੀ ਇਸ ਨਾਲ ਕਿਸ ਤਰ੍ਹਾਂ ਆਪਣਾ ਜੀਵਨ ਗੁਜ਼ਾਰੇਗੀ ? ਗੁਰੂ ਜੀ ਮੁਸਕਰਾਏ ਤੇ ਆਖਿਆ, ਇਹਦੀ ਦੇਹੀ ਕੰਚਨ ਵਰਗੀ ਹੋ ਗਈ ਹੈ, ਇਸਨੂੰ ਸਿੱਖੀ ਦਾਨ ਮਿਲ ਚੁੱਕਾ ਹੈ । ਤੁਹਾਡਾ ਬੱਚੀ ਦਾ ਨਾਮ ਮਥੋ ਅਤੇ ਇਹਦਾ ਨਾਂ ਮੁਰਾਰੀ ਹੈ । ਇਹ 'ਮਥੋ ਮੁਰਾਰੀ' ਕਰਕੇ ਪ੍ਰਸਿੱਧ ਹੋਣਗੇ । ਭਾਈ ਸ਼ੀਹੇ ਦੀ ਪਤਨੀ ਨੇ ਗੁਰੂ ਜੀ ਅਗੇ ਸਿਰ ਝੁਕਾ ਦਿੱਤਾ । ਸੋ ਸ੍ਰੀ ਗੁਰੂ ਅਮਰਦਾਸ ਜੀ ਨੇ, ਜੋ ਕਰਨ ਕਾਰਨ ਸਮਰੱਥ ਸਨ, ਇਨ੍ਹਾਂ ਦੇ ਦੋਵੇਂ ਲੋਕ ਸਵਾਰ ਦਿਤੇ । ਫਿਰ ਇਸ ਜੋੜੀ ਨੇ ਸਿੱਖ ਧਰਮ ਦਾ ਬਹੁਤ ਪ੍ਰਚਾਰ ਕੀਤਾ । ਇਹ ਸਾਰੀ ਬਰਕਤ ਅਰਦਾਸ ਦੀ ਸੀ । ਗੁਰਬਾਣੀ ਦੇ ਅੰਮ੍ਰਿਤ ਬਚਨ ਹਨ :

ਬਿਘਨੁ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ ॥੧॥੬੩॥ (ਪੰਨਾ ੮੧੭)



www.AKJ.Org

# ਹੁਕਮਿ ਰਜਾਈ ਚਲਣਾ

[ਸ: ਅਤਰ ਸਿੰਘ ਜੀ ਨੀਰ, ਦਿਲੀ-੪੬]

ਕਰਨ ਨਿਮ੍ਰਤਾ ਅਤੇ ਹਲੀਮੀ ਜ਼ਾਲਮ, ਜ਼ੁਲਮ ਦਾ ਨਾਸ,
ਟਿਕਣ ਨਾ ਦੇਂਦੇ ਕੋਈ ਮੁਸੀਬਤ ਧੀਰਜ ਤੇ ਵਿਸ਼ਵਾਸ।
ਚੜ੍ਹਦੀ ਕਲਾ ਦਾ ਰਹੇ ਸਦਾ ਹੀ ਚੇਹਰੇ ਉਤੇ ਨੂਰ,
ਹਿਰਦੇ ਅੰਦਰ ਠੰਢਕ ਠੰਢਕ, ਰਹਿਣ ਬਲਾਵਾਂ ਦੂਰ।
ਅੰਦਰ ਬਾਹਰ ਟਿਕਿਆ ਟਿਕਿਆ, ਸੁਖ ਦੁਖ ਇਕ ਸਮਾਨ,
ਫੁਲ ਕੰਵਲ ਦੇ ਵਾਂਗੂ ਖਿੜਿਆ, ਖਿੜਿਆ ਮਨ ਬਲਵਾਨ।
ਨਾਨਕ ਘਰ ਦਾ ਇਹ ਫਲਸਫ਼ਾ ਸਤਿਗੁਰ ਅਰਜਨ ਆਪ,
ਦੁਨੀਆ ਤਾਈਂ ਸਿਖਲਾਇਆ ਸਹਿ ਕੇ ਦੁਖ ਸੰਤਾਪ।
ਮਹਿਕ ਮਿਠਾਸ ਮਗੱਨਤਾ ਮਨ ਵਿਚ ਰਹੇ ਸਵੇਰੇ ਸ਼ਾਮ,
ਸਿਮਰਨ ਸੁਆਦ ਸਹਿਜ ਸੁਰ ਸੁਰਤੀ ਸੀਤਲ ਸੋਚ ਤਮਾਮ।
ਸੋਨ ਸੁਨੱਖਾ ਸੁਹਜ ਸੁਗੰਧਤ ਸਾਈਂ ਮਿਹਰਵਾਨ,
ਕਲਹ ਕੁੜਿੱਤਣ ਕਟ ਕੇ ਵੰਡਦਾ ਕਲੀਆਂ ਦੀ ਮੁਸਕਾਨ।
ਹਰਿ ਰਸ ਹੀਰਾ ਸੋਭੇ ਸੋਹਣਾ, ਹਰ ਘੜੀ ਹਰ ਪੱਲ,
ਚੜ੍ਹਦੀ ਕਲਾ ਅਡੋਲ ਸਮਾਧੀ, ਉਚਾ ਆਤਮ ਬੱਲ।
ਮਿਹਰ ਮਾਹੀ ਦੀ ਰਜ਼ਾਅ ਸਾਈਂ ਚਿ ਰਤੀ ਜ਼ਿੰਦ ਤੇ ਜਾਨ,
ਸ਼ੁਕਰ ਸ਼ੁਕਰ ਸ਼ੁਕਰਾਨਿਆਂ ਅੰਦਰ ਮਾਣੇ ਮੌਜ ਮਹਾਨ।
ਹਉਮੈ ਤੇ ਹੰਕਾਰ ਦਾ ਐਪਰ ਵਖਰਾ ਹੈ ਸੰਸਾਰ,
ਨਾ ਹੀ ਕਸ਼ਸ਼ ਕਿਸੇ ਲਈ ਕੋਈ, ਨਾ ਹੀ ਪ੍ਰੀਤ ਪਿਆਰ।
ਹਰ ਮੌਕੇ ਤੇ ਤਕਣੀ ਦਾ ਵਖਰਾ ਹੈ ਅੰਦਾਜ਼,
ਨਾ ਇਖ਼ਲਾਕ ਨਾ ਸ਼ਰਧਾ ਸਿਦਕ, ਸੱਚ ਧਰਮ ਦਾ ਲਿਹਾਜ਼।
ਇਸ ਤਰ੍ਹਾਂ ਜਹਾਂਗੀਰ ਦੇ ਅੰਦਰ ਭਾਂਬੜ ਬਲਦੇ ਨਿਤ,
ਸਾੜੇ ਖੰਭ ਅਕਲ ਉਹਦੀ ਦੇ, ਫੂਕਿਆ ਮਨ ਤੇ ਚਿਤ।
ਸਿਖ ਧਰਮ ਦੀਆਂ ਮਿਠੀਆਂ ਸੋਆਂ, ਸਹਿ ਨ ਸਕਿਆ ਮੂਲ,
ਚੜ੍ਹਤ ਤੇ ਪ੍ਰਭਤਾ ਗੁਰੂ ਅਰਜਨ ਦੀ ਚੁਭੀ ਵਾਂਗੂ ਸੂਲ।
ਬਹਿ ਹੰਕਾਰ ਦੀ ਟੀਸੀ ਉਤੇ ਕੀਤਾ ਉਸ ਫ਼ਰਮਾਨ,
ਖ਼ਤਮ ਕਰੋ ਇਸ ਗੁਰੂ ਤਾਈਂ, ਛੱਡੋ ਨਾ ਨਾਮ ਨਿਸ਼ਾਨ।
ਦੇ ਦੇ ਦੁਖ ਤਸੀਹੇ ਮਾਰੋ, ਕਰਨੀ ਨਹੀਂ ਕੋਈ ਛੋੜ,
ਨਾ ਕੋਈ ਤਰਸ ਲਿਹਾਜ਼ ਮੁਲਾਜ਼ਾ, ਨ ਢਿਲ-ਮੱਠ ਦੀ ਲੋੜ।
ਚੰਦੂ ਦੀ ਚੜ ਮੱਚ ਗਈ ਚੰਗੀ, ਰਿਹਾ ਸੀ ਮੌਕਾ ਤਾੜ,
ਪੰਜੇ ਝਾੜ ਕੇ ਪੈ ਗਿਆ ਪਿਛੇ, ਜਿਉਂ ਭੁਖਾ ਬਘਿਆੜ।
ਸੁਹਲ ਸਰੀਰ ਤੇ ਪੁਆਏ ਕੜਛੇ, ਰੇਤੇ ਨੂੰ ਕਰ ਲਾਲ,
ਐਪਰ ਜ਼ਰਾ ਵੀ ਨੂਰੀ ਮੁਖ ਤੇ ਆਇਆ ਨ ਮਲਾਲ।
ਲਾਲ ਸੂਹੀਆਂ ਮਣੀਆਂ ਵਾਂਗੂ ਚਮਕੇ, ਪੈਂਦੀ ਰੇਤ,
ਦਸੇ ਜਿਹੜੀ ਭਾਣਾ, ਭਗਤੀ, ਭਲਾ, ਭਲਾਈ, ਭੇਤ।
ਲੋਹ ਅੰਗਿਆਰਾਂ ਵਾਂਗ ਭੱਖਦੀ, ਲਾ ਲਈ ਆਪਣੀ ਵਾਹ,
ਨਾ ਕੋਈ ਸੇਕ ਤਪਸ਼ ਨਾ ਲੂਹੇ, ਬਲ ਬਲ ਉਠਦੀ ਭਾਹ।
ਆਸ਼ਕ ਸਦਾ ਰਹਿਣ ਸਰੂਰੇ, ਮਗਨ ਲਗਨ ਭਰਪੂਰ,
ਨੈਣ ਖੁਮਾਰੇ, ਰੰਗ ਨਿਆਰੇ, ਨਿਖਰਿਆ ਨਿਖਰਿਆ ਨੂਰ।
ਦੇਗ ਉਬਲਦੀ ਵਿਚ ਵੀ ਠੰਢਕ ਵਰਤੀ ਰਹੀ ਹਮੇਸ਼,
ਸ਼ੋਕ ਸਦਾ ਈ ਸਜਣ ਸੋਹਣੇ ਦਾ ਜਰਦਾ ਰਿਹਾ ਕਲੇਸ਼।
ਸਹਿਨਸ਼ੀਲਤਾ, ਸਹਿਨ ਸ਼ਕਤੀ, ਅਗੇ ਗਲੀ ਨਾ ਦਾਲ,
ਸੂਰਜ ਵਾਂਗ ਚਮਕਦਾ ਰਿਹਾ ਸਾਦਕ ਦਾ ਜਲਾਲ।
ਪਾਪੀ ਪੱਚ ਪੱਚ ਹਾਰ ਗਿਆ, ਸ਼ਾਂਤੀ ਹੋਈ ਨਾ ਭੰਗ,
ਜਿਉਂ ਜਿਉਂ ਜ਼ੁਲਮ ਭੜਕਦਾ ਗਿਆ, ਤਿਉਂ ਤਿਉਂ ਚੜ੍ਹਿਆ ਰੰਗ।
ਹੱਦਾਂ ਟੱਪ ਕੇ ਜ਼ੁਲਮ ਝੰਜੋੜਿਆ ਸਾਈਂ ਮੀਆਂ ਮੀਰ,
ਤੜਪ ਤੜਪ ਝੰਜਲਾਇਆ ਡਾਢਾ ਸ਼ੇਰਾਂ ਵਾਂਗ ਫ਼ਕੀਰ।
ਸ਼ਾਂਤ-ਚਿਤ ਗੁਰਦੇਵ ਨੇ ਐਪਰ ਨਾਲ ਠਰ੍ਹੰਮੇ ਪਿਆਰ,
ਗੁੱਸਾ ਕੀਤਾ ਮੀਆਂ ਮੀਰ ਦਾ ਐਦਾਂ ਠੰਢਾ ਠਾਰ:
ਰਹੋ ਗੰਭੀਰ ਸਮੁੰਦਰ ਵਾਂਗੂ, ਪਰਬਤ ਵਾਂਗ ਅਡੋਲ,
ਧਰਤੀ ਵਾਂਗੂ ਧੀਰਜ ਜਿਗਰਾ ਮਿਸਰੀਓਂ ਮਿਠੇ ਬੋਲ।
ਹੁਕਮ ਉਸੇ ਦੀ ਖੇਡ ਹੈ ਸਾਈਂ, ਹੁਕਮ ਹੈ ਅਪਰ ਅਪਾਰ,
ਹੁਕਮ ਦੇ ਅੰਦਰ ਚਲ ਰਿਹਾ ਏ ਸਾਰਾ ਇਹ ਸੰਸਾਰ।
ਧੁਪ ਕੜਕਦੀ ਹੋਵੇ ਭਾਵੇਂ ਯਖੜੀ ਹੋਵੇ ਸੀਤ,
ਠੀਕਰਾ ਇਸ ਸਰੀਰ ਦਾ ਭਜਣਾ ਹੁਕਮ ਉਹਦਾ ਹੈ ਮੀਤ।
ਮਾਲਕ ਦੀ ਰਜ਼ਾ-ਹੁਕਮ ਵਿਚ ਦਖ਼ਲ ਨ ਦੇਈਏ ਮੂਲ,
ਭਾਣੇ ਵਿਚ ਹੀ ਭਲਾ ਭਲਾਈਏ, ਹੋਰ ਸਿਆਣਪ ਸੂਲ।
ਮੰਨਿਆ ਭਾਣਾ ਜਿਨ੍ਹਾਂ ਜਿਨ੍ਹਾਂ ਨੇ, ਸਫਲੇ ਉਹ ਸੁਜਾਨ,
ਸਦਾ ਸੁਭਾਗੇ ਸੂਰਬੀਰ ਉਹ, ਸਾਬਰ ਸ਼ਕਤੀਮਾਨ।
ਚਲਣ ਨਾ ਭਗਤੀ ਮਾਰਗ ਦੇ ਵਿਚ ਤਾਕਤ ਤੇ ਕਰਾਮਾਤ,
ਤਾਣ ਹੁੰਦਿਆਂ ਜਰਨਾ ਸਾਈ, ਸੁਖਾਂ ਦੀ ਬਰਸਾਤ।
ਚੰਦਨ ਛਡੇ ਨ ਠੰਢਕ, ਭਾਵੇਂ ਜ਼ਹਿਰੀ ਫਨੀਅਰ ਸੱਪ,
ਬੂਟੇ ਤਾਈਂ ਚੰਬੜ ਚੰਬੜ ਕੇ ਘੁਟ ਘੁਟ ਰਖੇ ਨੱਪ।
ਫਲਦੇ ਨਾਲ ਕੁਰਬਾਨੀ ਦੇ ਹੀ ਧਰਮ ਸਿਦਕ ਵਿਸ਼ਵਾਸ,
ਉਚ ਅਸੂਲਾਂ ਦਾ ਸ਼ਹੀਦੀ ਸਦਾ ਕਰੇ ਪ੍ਰਕਾਸ਼।
ਗਾਡੀ ਰਾਹ ਸਿਰਜ ਕੇ 'ਨੀਰ' ਅਰਜਨ ਗੁਰੂ ਮਹਾਨ,
"ਹੁਕਮਿ ਰਜਾਈ ਚਲਣਾ" ਦੇ ਦਿਤਾ ਬਲੀਦਾਨ।



'ਸੂਰਾ' ਅੰਮ੍ਰਿਤਸਰ, ਜੁਲਾਈ ੧੯੯੧

www.AKJ.Org

# ਗੁਰਸਿੱਖਾਂ ਲਈ ਕੁਝ ਜ਼ਰੂਰੀ ਨਿਯਮ

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਹੋਰ ਕਿਸੇ ਦੇਹਧਾਰੀ ਨੂੰ ਗੁਰੂ ਕਰਕੇ ਨਹੀਂ ਪੂਜਣਾ। ਗੁਰੂ ਕਾ ਸ਼ਬਦ ਹੀ ਗੁਰਸਿਖਾਂ ਲਈ ਪੂਰਨ ਗੁਰੂ ਹੈ। ਗੁਰੂ ਪਿਆਰੇ ਸੰਤਾਂ ਭਗਤਾਂ, ਮਹਾਂ ਪੁਰਸ਼ਾਂ ਦੀ ਸੇਵਾ ਤੇ ਸਤਿਕਾਰ ਦੀ ਮਨਾਹੀ ਨਹੀਂ।

(੨) ਸ੍ਰਿਸ਼ਟੀ ਦਾ ਰਚਣਹਾਰ, ਕਰਤਾ, ਪ੍ਰਤਿਪਾਲਕ ਕੇਵਲ ਅਕਾਲ ਪੁਰਖ ਵਾਹਿਗੁਰੂ ਜੀ ਹਨ। ਜੀਵਨ ਤੇ ਮੌਤ ਸਿਰਫ਼ ਉਨ੍ਹਾਂ ਦੇ ਹੀ ਹੱਥ ਹੈ। ਦੇਵੀ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਸਭ ਅਕਾਲ ਪੁਰਖ ਦੇ ਹੁਕਮ ਅੰਦਰ ਹੀ ਕਾਰ ਕਮਾ ਰਹੇ ਹਨ। ਗੁਰਸਿਖਾਂ ਨੇ ਕੇਵਲ ਅਕਾਲ ਪੁਰਖ ਨਾਲ ਹੀ ਸਾਂਝ ਰਖਣੀ ਹੈ।

(੩) ਗੁਰਸਿਖ ਵੀਰਾਂ ਤੇ ਭੈਣਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜਾਂ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਪਾਨ ਕਰਨਾ ਹੈ। ਪੰਜਾਂ ਪਿਆਰਿਆਂ ਪਾਸੋਂ ਪੰਜ ਕਕਾਰਾਂ ਦੀ ਰਹਿਤ ਵਿਚ ਸਦਾ ਤਿਆਰ ਬਰ ਤਿਆਰ ਰਹਿਣਾ ਹੈ, ਵਿਵਰਜਤ ਕੁਰਹਿਤਾਂ ਵਲੋਂ ਸਦਾ ਸਾਵਧਾਨ ਰਹਿਣਾ ਹੈ। ਪੰਜਾਂ ਪਾਸੋਂ ਪ੍ਰਾਪਤ ਸ਼ਬਦ ਦਾ ਅਭਿਆਸ ਕਰਨਾ ਲਾਜ਼ਮੀ ਹੈ।

(੪) ਅੰਮ੍ਰਿਤਧਾਰੀ ਸਾਰੇ ਗੁਰਸਿੱਖ ਭਾਈ ਭਾਈ ਹਨ। ਊਚ ਨੀਚ, ਜ਼ਾਤ ਪਾਤ ਦਾ ਵਿਤਕਰਾ ਕਰਨਾ ਮਨ੍ਹਾ ਹੈ। ਜ਼ਾਤ ਬ੍ਰਾਦਾਰੀ : ਜੱਟ, ਖਤਰੀ, ਸੈਣੀ, ਮਜ਼ਹਬੀ ਐਸਾ ਵਿਤਕਰਾ ਵਿਵਰਜਤ ਹੈ। ਅੰਮ੍ਰਿਤਧਾਰੀ ਸਾਰੇ ਦਸਮ ਪਾਤਸ਼ਾਹ ਦੇ ਬੇਟ ਬੇਟੀਆਂ ਤੇ ਭਾਈ ਭੈਣ ਬਣ ਜਾਂਦੇ ਹਨ। ਕਿਸੇ ਤਰ੍ਹਾਂ ਦਾ ਭਿੰਨ ਭੇਦ ਗੁਰਮਤਿ ਦੇ ਉਲਟ ਹੈ।

(੫) ਗੁਰੂ ਕੇ ਸਿਖਾਂ (ਵੀਰਾਂ/ਭੈਣਾਂ) ਨੇ ਅੰਮ੍ਰਿਤ ਵੇਲੇ, ਪਹਿਰ ਰਾਤ ਰਹਿੰਦੀ ਜਾਗਣਾ ਹੈ, ਰੋਜ਼ਾਨਾ ਇਸ਼ਨਾਨ, ਸਿਮਰਨ, ਨਿਤਨੇਮ ਉਪਰੰਤ ਸਤਿਗੁਰੂ ਜੀ ਦੇ ਦਰਬਾਰ ਹਾਜ਼ਰ ਹੋ ਕੇ ਗੁਰਬਾਣੀ ਦਾ ਕੀਰਤਨ ਕਰਨਾ ਜਾਂ ਸ੍ਰਵਨ ਕਰਨਾ ਹੈ। ਸਤਿਗੁਰੂ ਜੀ ਦਾ ਇਹ ਲਾਜ਼ਮੀ ਹੁਕਮ ਹੈ। ਹੋਰ ਮੰਦਰ, ਮਸਜਿਦ, ਗਿਰਜੇ ਵਿਚ ਪੂਜਾ ਲਈ ਨਹੀਂ ਜਾਣਾ।

(੬) ਗੁਰਸਿਖਾਂ ਲਈ ਮੂਰਤੀ-ਪੂਜਾ, ਮੜ੍ਹੇ ਮਸਾਣ ਪੂਜਣੇ, ਸਤਿਗੁਰੂ ਜੀ ਦੀਆਂ ਤਸਵੀਰਾਂ ਨੂੰ ਮੱਥੇ ਟੇਕਣੇ, ਹਾਰ ਪਾਉਣੇ ਮਨ੍ਹਾ ਹਨੈ। ਸਤਿਗੁਰੂ ਜੀ ਦੀ ਕੋਈ ਤਸਵੀਰ ਅਸਲੀ ਨਹੀਂ, ਸਾਰੀਆਂ ਮਨੋਕਲਪਤ ਹਨ।

(੭) ਗੁਰਸਿਖਾਂ ਨੇ ਦੇਵੀ ਦੇਵਤਿਆਂ ਦੇ ਜਗਰਾਤੇ ਵਿਚ ਨਹੀਂ ਜਾਣਾ। ਹੋਰ ਦੇਵੀਆਂ ਦੇ ਅਸਥਾਨਾਂ ਤੇ ਜਾ ਕੇ ਮੱਥੇ ਟੇਕਣੇ ਮਨ੍ਹਾ ਹੈ। ਗੁਰਸਿਖ ਕੇਵਲ ਅਕਾਲ ਪੁਰਖ ਦਾ ਪੁਜਾਰੀ ਹੈ, ਇਕੋ ਦਾ ਉਪਾਸ਼ਕ ਹੈ।

(੮) ਗੁਰਸਿਖਾਂ ਨੇ ਫਿਲਮਾਂ ਦੇਖਣ ਲਈ ਥੀਏਟਰਾਂ ਵਿਚ ਨਹੀਂ ਜਾਣਾ। ਟੀ. ਵੀ. ਤੇ ਵੀ ਕਾਮ-ਉਪਜਾਊ ਫ਼ਿਲਮਾਂ ਤੇ ਹੋਰ ਸਾਮਗ੍ਰੀ ਵਲੋਂ ਵੀ ਮਨ ਨੂੰ ਰੋਕ ਕੇ ਰਖਣਾ ਹੈ।

(੯) ਗੁਰਸਿਖਾਂ ਨੇ ਨਾਮ ਲਿਖਣ ਸਮੇਂ ਨਾਲ 'ਸਿੰਘ' ਤੇ ਬੀਬੀਆਂ ਨੇ ਨਾਲ 'ਕੌਰ' ਜ਼ਰੂਰੀ ਲਿਖਣਾ ਹੈ। ਅਧੇ ਅਧੇ ਨਾਮ ਸ਼ੋਭਾ ਨਹੀਂ ਦਿੰਦੇ। ਨਾਵਾਂ ਦੇ ਨਾਲ ਹੋਰ ਜ਼ਾਤਾਂ ਦਾ ਲਿਖਣਾ ਠੀਕ ਨਹੀਂ, ਸਿਧੇ ਨਾਮ ਹੀ ਸ਼ੋਭਨੀਕ ਹਨ।

(੧੦) ਗੁਰਸਿਖਾਂ ਨੂੰ ਹਰ ਤਰ੍ਹਾਂ ਦੇ ਨਸ਼ਿਆਂ ਦੀ ਮਨਾਹੀ ਹੈ। ਪਤਿਤ ਕਰਮ ਹੈ। ਸ਼ਰਾਬ, ਭੰਗ; ਚਰਸ, ਸੁਖਾ ਤੰਬਾਕੂ (ਬੀੜੀ, ਸਿਗਰਟ) ਅਫ਼ੀਮ ਸਭ ਦਾ ਤਿਆਗ ਕਰਨਾ ਹੈ।

(੧੧) ਗੁਰੂ ਕੇ ਸਿਖ ਨੇ ਗੰਗਾ ਤੇ ਹੋਰ ਤੀਰਥਾਂ ਦੇ ਇਸ਼ਨਾਨ ਨਹੀਂ ਕਰਨੇ। ਕੇਵਲ ਗੁਰਧਾਮਾਂ ਦੀ ਯਾਤਰਾ ਤੇ ਇਸ਼ਨਾਨ ਦਾ ਹੀ ਹੁਕਮ ਹੈ। ਗੁਰਸਿਖਾਂ ਲਈ ਤੀਰਥ "ਤੀਰਥੁ ਹਮਰਾ ਹਰਿ ਕੋ ਨਾਮੁ" (ਪੰਨਾ ੧੧੪੨) ਪ੍ਰਮੇਸ਼ਰ ਦਾ ਸਿਮਰਨ ਭਜਨ ਹੀ ਹੈ। ਗੁਰਧਾਮਾਂ ਦੀ ਯਾਤਰਾ ਨਾਲ ਸ਼ਰਧਾ ਤੇ ਸਤਿਕਾਰ ਵਧਦਾ ਹੈ।

(੧੨) ਗੁਰਸਿਖਾਂ ਨੇ ਨਾ ਆਪਣੇ ਘਰ ਕੰਜਕਾਂ ਬਹਾਣੀਆਂ ਹਨ, ਨਾ ਆਪਣੀਆਂ ਬੱਚੀਆਂ ਨੂੰ ਹੋਰ ਘਰਾਂ ਵਿਚ



www.AKJ.Org

ਕੰਜਕਾਂ ਬਹਿਣ ਲਈ ਭੇਜਣਾ ਹੈ । ਇਹ ਬ੍ਰਾਹਮਣਵਾਦ ਹੈ ।

(੧੩) ਗੁਰਸਿਖਾ ਨੇ ਕੇਸਾਂ ਦਾ ਸਦਾ ਅਦਬ ਕਰਨਾ ਹੈ, ਨੰਗੇ ਸਿਰ ਕਿਸੇ ਵੇਲੇ ਵੀ ਨਹੀਂ ਫਿਰਨਾ । ਖਾਣ, ਪੀਣ, ਇਸ਼ਨਾਨ, ਸੌਚ ਦੇ ਸਮੇਂ ਵੱਡੀ/ਛੋਟੀ ਦਸਤਾਰ ਨਾਲ ਸਦਾ ਕੇਸ ਢੱਕ ਕੇ ਰਖਣੇ ਹਨ । ਨੰਗੇ ਸਿਰ ਟੱਟੀ, ਪਿਸ਼ਾਬ ਜਾਣਾ ਭਾਰੀ ਬੇਅੱਦਬੀ ਹੈ । ਸਦਾ ਸਾਵਧਾਨ ਰਹਿਣਾ ਹੈ ।

(੧੪) ਗੁਰੂ ਘਰ ਦੇ ਦੋਖੀਆਂ, ਦੇਹਧਾਰੀ ਗੁਰੂਆਂ ਨਾਲ, ਨਕਲੀ ਨਿਰੰਕਾਰੀਆਂ ਨਾਲ ਤੇ ਪਾਖੰਡੀ ਸੰਤਾਂ ਮਹੰਤਾਂ ਨਾਲ ਬਿਲਕੁਲ ਨਹੀਂ ਵਰਤਣਾ ।

(੧੫) ਗੁਰਸਿਖ ਬੀਬੀਆਂ ਨੇ ਕਰਵਾ ਚੌਥ ਦਾ ਵਰਤ, ਪੂਰਨਮਾਸ਼ੀ, ਮਸਿਆ ਆਦਿ ਦੇ ਵਰਤ ਨਹੀਂ ਰਖਣੇ । ਤਵੀਤ ਧਾਗੇ ਨਹੀਂ ਬੰਨ੍ਹਾਣੇ । ਰਖੜੀਆਂ ਨਾ ਕਿਸੇ ਨੂੰ ਬੰਨ੍ਹਣੀਆਂ, ਨਾ ਬੰਨ੍ਹਾਉਣੀਆਂ ਹਨ । ਹੋਲੀ ਵਿਚ ਸ਼ਾਮਲ ਹੋ ਕੇ ਗੰਦੇ ਕੰਮਾਂ ਵਿਚ ਸ਼ਾਮਲ ਨਹੀਂ ਹੋਣਾ ।

(੧੬) ਥਿਤਾਂ, ਦਿਨ ਵਾਰਾਂ ਦੇ ਮਾੜੇ ਚੰਗੇ ਹੋਣ ਜਾਂ ਸ਼ਗਨ ਅਪਸ਼ਗਨ ਦੇ ਵਿਚਾਰ ਦਾ ਕੋਈ ਭਰਮ ਨਹੀਂ ਕਰਨਾ । ਤਾਰਿਆਂ ਦੇ ਚੜ੍ਹਨ ਡੁਬਣ ਨਾਲ ਵਿਆਹ ਸ਼ਾਦੀਆਂ ਕਰਨੀਆਂ ਤੇ ਰੋਕਣੀਆਂ ਗੁਰਸਿਖੀ ਦੇ ਵਿਰੁਧ ਹਨ । ਸਾਰੇ ਹੀ ਦਿਨ, ਪਰਮੇਸ਼ਰ ਨੇ ਬਣਾਏ ਹਨ, ਸ਼ੁਭ ਹਨ, ਕੋਈ ਵੀ ਮਾੜਾ ਨਹੀਂ ।

(੧੭) ਟੂਣੇ ਕਰਨੇ ਤੇ ਹੋਰ ਵਾਹਮ ਕਰਨੇ ਮੂਰਖਤਾ ਹੈ । ਇਨ੍ਹਾਂ ਤੋਂ ਸਦਾ ਬਚਣਾ ਹੈ ।

(੧੮) ਜਨਮ-ਕੁੰਡਲੀਆਂ, ਗ੍ਰਹਿ-ਨਿਛਤ੍ਰ ਨਿਰਮੂਲ ਭਰਮ ਹਨ, ਸਦਾ ਸਾਵਧਾਨ ਰਹਿਣਾ ਹੈ ।

(੧੯) ਸਰੀਰ ਦੇ ਕਿਸੇ ਹਿਸੇ ਤੋਂ ਕੇਸਾਂ ਨੂੰ ਕੱਟਣਾ ਘੋਰ ਪਾਪ ਹੈ । ਵੀਰ ਤੇ ਭੈਣਾ ਸਾਰੇ ਸਾਵਧਾਨ ਰਹਿਣ. ਐਸਾ ਕਰਨ ਨਾਲ ਸਿਖ ਨਹੀਂ ਰਹਿ ਜਾਂਦੇ, ਪਤਿਤ ਹੋ ਜਾਈਦਾ ਹੈ ।

(੨੦) ਦਾੜ੍ਹੇ ਤੇ ਕੇਸ ਰੰਗਣੇ ਮਨਮਤ ਹੈ, ਗੁਰੂ ਘਰ ਵਿਚ ਇਸ ਦੀ ਆਗਿਆ ਨਹੀਂ ।

(੨੧) ਗੁਰਦੁਆਰੇ ਦਾੜ੍ਹੀ ਤੇ ਠਾਠੀ ਬੰਨ੍ਹ ਕੇ ਆਉਣਾ ਸਖਤ ਮਨ੍ਹਾ ਹੈ ।

(੨੨) ਗੁਰਸਿਖਾਂ ਦੇ ਦਾੜ੍ਹੇ ਪ੍ਰਕਾਸ਼ ਹੀ ਸੋਭਦੇ ਹਨ । ਸਾਡੀ ਦਿਖ ਦਸਮ ਪਾਤਸ਼ਾਹ ਜੇਹੀ ਹੀ ਹੋਣੀ ਚਾਹੀਦੀ ਹੈ । ਮਹਾਰਾਜ ਦਾ ਹੁਕਮ ਵੀ ਏਹੋ ਹੈ–**ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹੌ ਕਰੌ ਨਿਵਾਸ ॥** ਦਾੜ੍ਹੇ ਬੰਨ੍ਹਣੇ ਫੈਸ਼ਨ-ਪ੍ਰਸੱਤੀ ਹੈ, ਸਤਿਗੁਰੂ ਜੀ ਦੀ ਆਗਿਆ ਦੇ ਉਲਟ ਹੈ ।

(੨੩) ਧੁਰ ਕੀ ਬਾਣੀ ਦਾ ਅਖੰਡ ਪਾਠ ਜਦ ਕਦ ਕਰਨਾ ਹੋਵੇ ਤਾਂ ਘਰ ਦੇ ਜੀਅ ਰੱਲ ਕੇ ਆਪੂੰ ਪਾਠ ਕਰਨ ਤੇ ਪਾਠ ਸ੍ਰਵਣ ਕਰਨ । ਸਿਰਫ ਭੋਗ ਵੇਲੇ ਪਹੁੰਚਣਾ ਇਹ ਗੁਰਸਿਖਾਂ ਨੂੰ ਨਹੀਂ ਸ਼ੋਭਦਾ । ਪਾਠ ਸਮੇਂ ਪਾਣੀ ਦੇ ਘੜੇ ਉਤੇ ਲਾਲ ਕਪੜਾ, ਨਰੇਲ, ਅਨਾਜ ਆਦਿ ਰਖਣਾ ਸਿਖੀ ਰਹੁਰੀਤ ਦੇ ਵਿਰੁਧ ਹੈ । ਇਹ ਬ੍ਰਾਹਮਣ-ਵਾਦ ਹੈ ।

(੨੪) ਕੁੱਠਾ (ਮਾਸ) ਖਾਣਾ ਵੀ ਬਜੱਰ ਕੁਰਹਿਤ ਹੈ । ਸਿਖੀ ਤੋਂ ਪਤਿਤ ਹੋ ਜਾਈਦਾ ਹੈ ।

(੨੫) ਪਰ-ਧਨ ਤੇ ਪਰ-ਤਨ ਵੱਲ ਝਾਕਣਾ ਤੇ ਖੋਹੀ ਖਿੰਜੀ ਕਰਕੇ, ਭੈਣਾਂ ਭਰਾਵਾਂ ਨੂੰ ਦੁਖ ਦੇ ਕੇ ਮਾਇਆ ਇਕੱਠੀ ਕਰਨਾ ਪਾਪ ਹੈ । ਪਰਾਏ ਮਰਦ, ਇਸਤ੍ਰੀ ਨਾਲ ਸੰਭੋਗ ਕੁਰਹਿਤ ਹੈ, ਗੁਰਸਿਖੀ ਤੋਂ ਪਤਿਤ ਹੋ ਜਾਈਦਾ ਹੈ ।

(੨੬) ਸਾਰੇ ਗੁਰਸਿਖਾਂ ਨੂੰ ਕਮਾਈ ਦਾ ਦਸਵੰਧ ਕਢ ਕੇ ਸੇਵਾ ਦੇ ਕਾਰਜਾਂ ਤੇ ਲੋੜਵੰਦਾਂ ਦੀ ਮਦਦ ਲਈ ਵਰਤਣਾ ਚਾਹੀਦਾ ਹੈ । ਇਹ ਸਤਿਗੁਰੂ ਜੀ ਦਾ ਹੁਕਮ ਹੈ ।

(੨੭) ਗੁਰਸਿਖਾਂ ਲਈ ਸਾਰੇ ਕੰਮਾਂ ਨਾਲੋਂ ਸ੍ਰੇਸ਼ਟ ਕੰਮ ਮਨੁਖਾ ਦੇਹੀ ਨੂੰ ਭਜਨ ਬੰਦਗੀ ਕਰਕੇ ਸਫਲ ਕਰਨਾ ਹੀ ਹੈ।

(੨੮) ਪਾਪ ਕਰਮਾਂ ਤੋਂ ਬਚਣ ਲਈ ਮਨ ਦੀ ਵਾਗ ਸਦਾ ਹੱਥ ਵਿਚ ਰਖਣੀ ਹੈ । ਸਤਿਗੁਰੂ ਦੇ ਬਚਨ ਸਦਾ ਯਾਦ ਰਖਣੇ ਹਨ ।

(੨੯) ਖੁਰਾਕ ਪੁਸ਼ਾਕ ਸਾਦਾ ਰਖਣੀ ਇਸ ਨਾਲ ਸਰੀਰ ਨਰੋਆ ਰਹੇਗਾ, ਮਨ ਵਿਚ ਹਉਮੈ ਹੰਕਾਰ ਨਹੀਂ ਆਵੇਗਾ।

(੩੦) ਪਸ਼ੂ, ਪੰਛੀ, ਜਾਨਵਰ ਸਭ ਬੇਜ਼ਬਾਨਾਂ ਨਾਲ ਵੀ ਪਿਆਰ ਕਰਨਾ ਹੈ । ਸਾਰੇ ਪ੍ਰਮੇਸ਼ਰ ਦੇ ਕੀਤੇ ਹੋਏ ਹਨ ।


[ਬਾਕੀ ਦੇਖੋ ਸਫ਼ਾ ੪੨ ਹੇਠ'


www.AKJ.Org

# ਮਹੱਤਵ-ਪੂਰਣ ਫ਼ੈਸਲੇ

ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੀ ਮੀਟਿੰਗ, ਮਿਤੀ ੨੩-੬-੯੧ ਨੂੰ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਫੈਸਲੇ ਸਰਬ ਸੰਮਤੀ ਨਾਲ ਕੀਤੇ ਗਏ :–

**ਵਿਦਿਅਕ ਅਦਾਰਿਆ ਦਾ ਪ੍ਰਬੰਧ–**

ਅਖੰਡ ਕੀਰਤਨੀ ਜਥੇ ਵਲੋਂ ਚਲਾਏ ਜਾ ਰਹੇ ਅਤੇ ਚਲਾਏ ਜਾਣ ਵਾਲੇ ਵਿਦਿਅਕ ਅਦਾਰਿਆਂ ਦੇ ਹਰ ਪਖੋਂ ਚੰਗੇਰੇ ਪ੍ਰਬੰਧ ਲਈ ਹੇਠ ਲਿਖੇ ਗੁਰਮੁਖਾਂ ਅਤੇ ਸੁਜੱਗ ਵਿਦਿਆਚਾਰੀਆਂ ਦਾ ਵਿਦਿਅਕ ਬੋਰਡ ਬਣਾਇਆ ਗਿਆ :–

੧) ਪ੍ਰੋਫੈਸਰ ਗੁਰਮੁਖ ਸਿੰਘ ਜੀ ਪਟਿਆਲਾ (ਕਨਵੀਨਰ)।
੨) ਪ੍ਰੋਫੈਸਰ ਗੁਰਦੀਪ ਸਿੰਘ ਜੀ ਲੁਧਿਆਣਾ।
੩) ਭਾਈ ਤਾਰਾ ਸਿੰਘ ਜੀ ਕਪੂਰਥਲਾ।
੪) ਭਾਈ ਦੀਦਾਰ ਸਿੰਘ ਜੀ ਪਟਿਆਲਾ।

ਹੇਠ ਲਿਖੇ ਕਾਰਜ ਉਪ੍ਰੋਕਤ ਬੋਰਡ ਦੇ ਕਾਰਜ ਅਧਿਕਾਰ-ਖੇਤਰ ਵਿਚ ਆਉਂਦੇ ਹਨ :–

੧) ਲੋੜੀਂਦੇ ਯੋਗ ਵਿਦਿਅਕ ਅਮਲੇ ਦੀ ਨਿਯੁਕਤੀ।
੨) ਵਰਤਮਾਨ ਅਮਲੇ ਦੀ ਪਰਖ ਨਿਰਖ।
੩) ਸਿਲੇਬਸ ਬਾਰੇ ਫੈਸਲਾ ਕਰਨਾ।
੪) ਵਿਦਿਅਕ ਅਦਾਰਿਆਂ ਨੂੰ ਵਿਤੀ ਦ੍ਰਿਸ਼ਟੀਕੋਣ ਤੋਂ ਸ੍ਵੈ-ਨਿਰਭਰ ਕਰਨਾ।
੫) ਵਿਦਿਅਕ ਅਦਾਰਿਆਂ ਨੂੰ ਪੰਜਾਬ ਸਕੂਲ ਬੋਰਡ ਨਾਲ ਸੰਬੰਧਤ (*affiliate*) ਕਰਨਾ।
੬) ਵਿਦਿਅਕ ਅਮਲੇ ਦੀ ਨਿਯੁਕਤੀ ਸੰਬੰਧੀ ਯੋਗਤਾਵਾਂ ਨਿਰਧਾਰਤ ਕਰਨੀਆਂ।
੭) ਇਹਨਾਂ ਵਿਦਿਅਕ ਅਦਾਰਿਆਂ ਵਿਚ ਗੁਰਮਤਿ, ਅਨੁਸ਼ਾਸਨ ਅਤੇ ਸਕੂਲੀ ਵਿਦਿਆ ਦੇ ਪਧਰ ਨੂੰ ਉਚੇਰਾ ਅਤੇ ਆਦਰਸ਼ਕ ਬਨਾਉਣ ਦਾ ਉਪਰਾਲਾ ਕਰਨਾ।
੮) ਬੋਰਡ ਦੇ ਸਾਰੇ ਫ਼ੈਸਲੇ ਸਰਬ-ਸੰਮਤੀ ਨਾਲ ਹੋਣਗੇ। ਜੇ ਅਤੇ ਜਦੋਂ ਕਿਧਰੇ ਮੈਂਬਰਾਂ ਵਿਚ ਵਿਚਾਰਾਂ ਦਾ ਵਖੇਵਾਂ ਹੋਵੇ, ਜਥੇਦਾਰ ਸਾਹਿਬ ਅਖੰਡ ਕੀਰਤਨੀ ਜਥੇ ਵਲੋਂ ਦਿਤਾ ਨਿਰਣਾ ਅੰਤਮ ਸਮਝਿਆ ਜਾਵੇਗਾ।

**ਨੋਟ** :–ਵਖ ਵਖ ਥਾਵਾਂ ਤੇ ਇਸਥਿਤ ਅਖੰਡ ਕੀਰਤਨੀ ਜਥੇ ਦੇ ਵਰਤਮਾਨ ਵਿਦਿਅਕ ਅਦਾਰਿਆਂ ਦੇ ਪ੍ਰਬੰਧਕ ਜੇ ਉਪ੍ਰੋਕਤ ਵਿਦਿਅਕ ਬੋਰਡ ਦੀ ਅਗਵਾਈ ਅਤੇ ਸੇਵਾ ਦਾ ਲਾਭ ਉਠਾਉਣਾ ਚਾਹੁੰਦੇ ਹੋਣ, ਉਹ ਪ੍ਰੋਫੈਸਰ ਗੁਰਮੁਖ ਸਿੰਘ ਜੀ ੭੯, ਇੰਦਰਾਪੁਰੀ ਕਾਲੋਨੀ, ਸਰਹੰਦ ਰੋਡ, ਪਟਿਆਲਾ ਨਾਲ ਸੰਪਰਕ ਕਰਨ।

**ਕੀਰਤਨ ਸਿਖਲਾਈ–**

ਗੁਰਬਾਣੀ ਦੇ ਅਖੰਡ ਕੀਰਤਨ ਦੀ ਪ੍ਰਥਾ ਨੂੰ ਪ੍ਰਫੁਲਤ ਕਰਨ ਦੇ ਪ੍ਰਯੋਜਨ ਹਿਤ ਫੈਸਲਾ ਕੀਤਾ ਗਿਆ ਕਿ ਅਖੰਡ ਕੀਰਤਨੀ ਜਥੇ ਦੇ ਸਮੂਹ ਕੀਰਤਨੀ ਵੀਰਾਂ/ਭੈਣਾ ਨੂੰ ਭਰਪੂਰ ਪ੍ਰੇਰਣਾ/ਅਪੀਲ ਕੀਤੀ ਜਾਵੇ ਕਿ ਉਹ ਆਪੋ ਆਪਣੇ ਪਧਰ ਤੇ ਗੁਰਸਿਖ ਪਰਵਾਰਾਂ ਦੇ ਬੱਚੇ ਬੱਚੀਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਸੰਭਾਲਣ ਅਤੇ ਇਸ ਤਰ੍ਹਾਂ ਪੀਉ ਦਾਦੇ ਦੇ ਇਸ ਅਮੋਲਕ ਵਿਰਸੇ ਦੀ ਸਮੂਹ ਸਿਖ-ਜਗਤ ਨਾਲ ਸਾਂਝ ਕਰਨ ਤਾਂ ਜੁ ਗੁਰੂ ਬਾਬੇ ਦੀ ਇਹ ਗੁਰਸਿਖ ਫੁਲਵਾੜੀ ਖਿੜੀ ਰਵ੍ਹੇ ਅਤੇ ਗੁਰਬਾਣੀ ਕੀਰਤਨ ਦੀ ਮਹਿਕ ਦਾ ਅਨੰਦ ਮਾਣਦੀ ਰਵ੍ਹੇ।

ਨੋਟ :–ਹਰੇਕ ਸ਼ਹਿਰ ਦੇ ਸਥਾਨਕ ਕੀਰਤਨੀ ਜਥਿਆਂ ਦੇ ਪ੍ਰਬੰਧਕ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ।



www.AKJ.Org

**ਕੀਰਤਨ ਪਰਚਾਰ—**

ਕੀਰਤਨ ਪ੍ਰੋਗਰਾਮ ਸ਼ਹਿਰਾਂ ਵਿਚ ਤਾਂ ਬਹੁਤ ਹੁੰਦੇ ਹਨ, ਪਰ ਪਿੰਡਾਂ ਵਿਚ ਬਹੁਤ ਘਟ। ਪਿੰਡਾਂ ਵਿਚ ਕੀਰਤਨ-ਪਰਚਾਰ ਦੀ ਲੋੜ ਨੂੰ ਮੁਖ ਰਖਦਿਆਂ ਫੈਸਲਾ ਕੀਤਾ ਗਿਆ ਕਿ ਵਖ ਵਖ ਸ਼ਹਿਰਾਂ ਦੇ ਅਖੰਡ ਕੀਰਤਨੀ ਜਥੇ ਹਰ ਸੰਗ੍ਰਾਂਦ ਨੂੰ ਕੀਰਤਨ ਪ੍ਰੋਗਰਾਮ ਕਿਸੇ ਨਾ ਕਿਸੇ ਪਿੰਡ ਵਿਚ ਕਰਿਆ ਕਰਨਗੇ। ਇਸ ਸੇਵਾ ਵਿਚ ਕਿਸੇ ਕਿਸਮ ਦੀ ਗ਼ਫਲਤ ਜਾਂ ਢਿਲਤਾਈ ਨਹੀਂ ਹੋਣੀ ਚਾਹੀਦੀ।

**ਗੁਰਦਵਾਰਾ ਪ੍ਰਬੰਧ ਵਿਚ ਸੁਧਾਰ—**

ਦੇਸ ਪਰਦੇਸ ਦੇ ਕੇਂਦਰੀ/ਇਤਿਹਾਸਕ ਧਾਰਮਕ ਅਸਥਾਨਾਂ ਦੇ ਪ੍ਰਬੰਧ ਵਿਚ ਢਿਲਤਾਈਆਂ ਅਤੇ ਕੁਰੀਤੀਆਂ ਦਿਨੋ ਦਿਨ ਵਧਦੀਆਂ ਜਾ ਰਹੀਆਂ ਹਨ। ਇਸ ਦੇ ਫਲ ਸਰੂਪ ਗੁਰਦੁਆਰਾ ਫੰਡਜ਼ ਦੀ ਅਯੋਗ ਵਰਤੋਂ/ਹੇਰਾ ਫੇਰੀ ਆਦਿ ਦੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਪਮਾਨ ਦੀਆਂ ਕਈ ਵਾਰਦਾਤਾਂ ਪੜ੍ਹਨ ਸੁਣਨ ਵਿਚ ਨਿਤ ਆ ਰਹੀਆਂ ਹਨ। ਗੁਰਦਵਾਰਾ ਪ੍ਰਬੰਧ ਵਿਚ ਸੁਧਾਰ ਲਿਆਉਣਾ ਅਥਵਾ ਗੁਰਦਵਾਰਾ ਪ੍ਰਬੰਧ ਨੂੰ ਸੁਜੋਗ ਗੁਰਮੁਖ ਸਜਣਾਂ ਦੇ ਹੱਥਾਂ ਵਿਚ ਦੇਣਾ ਸਮੁੱਚੇ ਸਿਖ ਜਗਤ ਦੀ ਜ਼ਿਮੇਵਾਰੀ ਹੈ ਅਤੇ ਅਖੰਡ ਕੀਰਤਨੀ ਜਥੇ ਨੇ ਇਸ ਪੱਖ ਵਿਚ ਵਿਸ਼ੇਸ਼ ਭੂਮਿਕਾ ਨਿਭਾਉਣੀ ਹੈ। ਇਸ ਪਾਸਿਓਂ ਕੰਨੀਂ ਕਤਰਾਉਣੀ ਆਪਣੀ ਫ਼ਰਜ਼-ਸ਼ਿਨਾਸੀ ਤੋਂ ਬੇਮੁਖ ਹੋਣ ਵਾਲੀ ਗਲ ਹੈ।

ਖਾਲਸਾ ਜੀ ਦਾ ਸੇਵਾਦਾਰ—

(ਰਾਮ ਸਿੰਘ) ਜਥੇਦਾਰ ਅਖੰਡ ਕੀਰਤਨੀ ਜਥਾ

---

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) ਅਨੰਦ ਕਾਰਜ, ਸ਼ਨੀਵਾਰ 27.7.91, ਕਾਕਾ ਹਰਜੀਤ ਸਿੰਘ (ਸਪੁਤ੍ਰ ਜਥੇਦਾਰ ਦੀਦਾਰ ਸਿੰਘ ਹਰਡਸਫ਼ੀਲਡ) ਦਾ ਅਨੰਦ ਕਾਰਜ ਬੀਬੀ ਦਲਜੀਤ ਕੌਰ (ਸਪੁਤ੍ਰੀ ਭਾਈ ਓਂਕਾਰ ਸਿੰਘ ਸਾਊਥਾਲ ਵਾਲੇ) ਨਾਲ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ ਸਾਊਥਾਲ ਵਿਖੇ। ਗੁਰਦਵਾਰਾ ਫ਼ੋਨ 081-574-8901, ਜਥੇਦਾਰ ਦੀਦਾਰ ਸਿੰਘ ਤੇ ਭਾਈ ਹਰਮਿੰਦਰ ਸਿੰਘ 0484-545165, 081-574-9405

(2) ਕੀਰਤਨ ਰੈਣ ਸਬਾਈ 13.7.91, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਹੈਵਲਾਕ ਰੋਡ ਸਾਊਥਾਲ ਵਿਖੇ ਭਾ: ਸਤਿੰਦਰ ਸਿੰਘ ਭਾ: ਸਤਨਾਮ ਸਿੰਘ ਫ਼ੋਨ 081-574-8349, 081-571-4690

(3) ਸ੍ਰੀ ਅਖੰਡਪਾਠ (ਲੋਕਲ) 1.8.91 ਤੋਂ 3.8.91 ਉਪਰੰਤ ਕੀਰਤਨ, ਭਾਈ ਜਰਨੈਲ ਸਿੰਘ ਦੇ ਗ੍ਰਹਿ, 4 ਫ਼ਰੈਸ਼ਵਾਟਰ ਰੋਡ, ਲਮਿੰਗਟਨ-ਸਪਾ, ਫ਼ੋਨ 0926-330008

(4) ਸ੍ਰੀ ਅਖੰਡਪਾਠ (ਲੋਕਲ) 26.7.91 ਤੋਂ 28.7.91, ਉਪਰੰਤ ਕੀਰਤਨ, ਭਾਈ ਸੋਹਨ ਸਿੰਘ ਦੇ ਗ੍ਰਹਿ, 218, ਵੈਕਸਹਮ ਰੋਡ ਸਲੋਅ, ਫ਼ੋਨ 0753-30624 ਤੇ 0926-330008

(5) ਭਾਈ ਕਰਨੈਲ ਸਿੰਘ ਸਵਿਟਜ਼ਰਲੈਂਡ ਵਾਲੇ 4.8.91 ਐਤਵਾਰ ਨੂੰ ਸਵਿਟਜ਼ਰਲੈਂਡ ਵਿਖੇ ਹਾਲ ਲੈ ਕੇ ਭਾਰੀ ਪੱਧਰ ਤੇ ਨੈਸ਼ਨਲ ਦੀਵਾਨ ਲਗਾ ਰਹੇ ਹਨ। ਯੂ.ਕੇ. ਤੋਂ ਵੀ ਉਚੇਚੇ ਤੌਰ ਤੇ ਗੁਰੂ ਕੇ ਕੀਰਤਨੀਏ ਪੁਜ ਰਹੇ ਹਨ।

ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਲਈ ਪਤਾ (ਫ਼ੋਨ 6734-267900)
Bhai Gurnam Singh, 10-Lambourne Gardens, Earley Reading Barks (U.K)

---

# ਅਮਾਨਤੀ ਲਾਈਫ਼ ਮੈਂਬਰਾਂ ਨੂੰ ਆਖ਼ਰੀ ਬੇਨਤੀ

ਅਪ੍ਰੈਲ ੧੯੯੦ ਤੋਂ ਮਹਿੰਗਾਈ ਕਾਰਨ ਚੰਦੇ ਵਧੇ ਸਨ। ਅਮਾਨਤੀ ਲਾਈਫ ਮੈਂਬਰਾਂ ਨੇ ਵੀ ਆਪਣੇ ਚੰਦੇ ਪੂਰੇ ਕਰਨ ਲਈ ਦੇਸ਼ ੫੦/— ਅਤੇ ਪਰਦੇਸ ੫੦੦/—ਹੋਰ ਜਮ੍ਹਾ ਕਰਾਣੇ ਸਨ। ਜਿਨ੍ਹਾਂ ਮੈਂਬਰਾਂ ਨੇ ਅਪ੍ਰੈਲ ੧੯੯੦ ਤੋਂ ਬਾਅਦ ਅਜੇ ਤਕ ਆਪਣੇ ਬਕਾਏ ਨਹੀਂ ਭੇਜੇ, ਉਨ੍ਹਾਂ ਦੇ ਬਕਾਏ ਨਾ ਪੁਜਣ ਦੀ ਹਾਲਤ ਵਿਚ ੩੧ ਅਗਸਤ ੯੧ ਤੋਂ ਉਨ੍ਹਾਂ ਦੀ ਅਮਾਨਤੀ ਲਾਈਫ ਮੈਂਬਰ ਸ਼ਿਪ ਖ਼ਤਮ ਕਰ ਦਿਤੀ ਜਾਵੇਗੀ ਅਤੇ ਉਨ੍ਹਾਂ ਵਲੋਂ ਪੁਜੀ ਹੋਈ ਰਕਮ ਚੰਦਿਆਂ ਵਿਚ ਤਬਦੀਲ ਕਰ ਦਿਤੀ ਜਾਵੇਗੀ। ਜਿਹੜਾ ਪਾਠਕ ਚਾਹੇ, ਉਹ ਆਪਣੀ ਰਕਮ ਵਾਪਸ ਵੀ ਲੈ ਸਕਦਾ ਹੈ।



www.AKJ.Org

# ਟੈਲੀਵੀਜ਼ਨ ਤੇ ਰੇਡੀਓ ਉਤੇ ਅਸ਼ਲੀਲ ਪਰਚਾਰ

"ਗੁਰਮਤਿ ਵਿਚਾਰ ਪਤ੍ਰਕਾ" ਜਲੰਧਰ ਦਾ ਇਕ ਲੇਖ, ਜੋ 'ਸੂਰਾ' ਜੂਨ ੧੯੮੦ ਵਿਚ ਛਪਿਆ ਸੀ, ਦੁਹਰਾਇਆ ਜਾ ਰਿਹਾ ਹੈ। —ਸੰਪਾਦਕ

ਰੇਡੀਓ, ਟੈਲੀਵੀਜ਼ਨ ਫ਼ਿਲਮਾਂ ਅਜ ਦੇ ਸਮੇਂ ਦੀਆਂ ਆਧੁਨਿਕ ਕਾਢਾਂ ਹਨ, ਜਿਨ੍ਹਾਂ ਰਾਹੀਂ ਦੂਰ ਦੁਰਾਡੇ ਪਹਾੜਾਂ ਦੀਆਂ ਚੋਟੀਆਂ ਤੇ ਬੈਠੇ ਲੋਕਾਂ ਨੂੰ ਮਨੁਖਤਾ ਤੇ ਇਨਸਾਨੀਅਤ ਦੇ ਚੰਗੇ ਸ਼ੁਭ ਗੁਣ ਦੇ ਕੇ "ਮਾਣਸ ਤੇ ਦੇਵਤੇ ਕੀਏ" ਦੇ ਵਾਕਾਂ ਅਨੁਸਾਰ ਧਰਮੀ ਬਣਾਇਆ ਜਾ ਸਕਦਾ ਹੈ। ਉਥੇ ਕੀ ਹੋ ਰਿਹਾ ਹੈ, ਇਹਨਾਂ ਆਧੁਨਿਕ ਕਾਢਾਂ ਰਾਹੀਂ ਨੌਜਵਾਨਾਂ, ਬੱਚੇ ਬੱਚੀਆਂ ਨੂੰ, ਜਿਨ੍ਹਾਂ ਨੇ ਕਲ੍ਹ ਨੂੰ ਕੌਮ ਬਣਨਾ ਹੈ ਤੇ ਦੇਸ਼ ਦਾ ਭਵਿਖਤ ਜਿਨ੍ਹਾਂ ਦੇ ਹੱਥ ਵਿਚ ਹੈ, ਉਨ੍ਹਾਂ ਦੇ ਆਚਰਨ ਵਿਗਾੜਨ ਵਾਲੇ ਅਸ਼ਲੀਲ ਗਾਣੇ ਡਰਾਮੇ ਸੁਣਾਏ ਜਾ ਰਹੇ ਹਨ। ਦੂਰ-ਦਰਸ਼ਨ ਤੇ ਫ਼ਿਲਮਾਂ ਰਾਹੀਂ ਆਚਰਨਹੀਨ ਲੋਕਾਂ ਦੇ ਰੂਪ-ਰੰਗ ਤੇ ਹਾਵ ਭਾਵ ਵਿਖਾਏ ਜਾ ਰਹੇ ਹਨ।

ਪਿਛੇ ਜਿਹੇ 'ਪੰਜਾਬੀ ਟ੍ਰਿਬਿਊਨ' ੮ ਦਸੰਬਰ ੧੯੭੯ ਵਿਚ ਇਕ ਸੱਜਣ ਵਲੋਂ ਇਕ ਲੇਖ ਛਪਿਆ ਪੜ੍ਹਿਆ, ਜਿਸ ਵਿਚ ਉਸ ਨੇ ਵਿਸਥਾਰ ਨਾਲ ਉਹਨਾਂ ਗੰਦੇ ਤੇ ਲਚਰ ਗੀਤਾਂ ਦਾ ਜ਼ਿਕਰ ਕੀਤਾ। ਅਸੀਂ ਉਹਨਾਂ ਗੀਤਾਂ ਦਾ ਨਾਮ ਏਥੇ ਲਿਖਣਾ ਪਸੰਦ ਨਹੀਂ ਕਰਦੇ। ਉਸ ਸੱਜਣ ਨੇ ਏਥੋਂ ਤਕ ਲਿਖਿਆ ਕਿ ਜਿਸ ਘਰ ਵਿਚ ਧੀਆਂ ਭੈਣਾਂ ਵਸਦੀਆਂ ਹੋਣ, ਉਥੇ ਅਜਿਹਾ ਪਰਚਾਰ ਨਹੀਂ ਪੁਜਣਾ ਚਾਹੀਦਾ। ਪਰ ਕੀ ਕੀਤਾ ਜਾਏ, ਰੇਡੀਓ ਟੈਲੀਵੀਜ਼ਨ ਇਤਨਾ ਪ੍ਰਚਲਤ ਹੋ ਚੁਕਾ ਹੈ ਕਿ ਭਾਵੇਂ ਰੋਟੀ ਨਾ ਮਿਲੇ, ਕਪੜਾ ਪਾਟਾ ਹੋਵੇ, ਪੈਰੋਂ ਨੰਗਾ ਹੋਵੇ, ਅੱਜ ਦਾ ਮਜ਼ਦੂਰ ਖੇਤਾਂ ਵਿਚ ਕੰਮ ਕਰ ਰਿਹਾ, ਪਹਾੜਾਂ ਦੀਆਂ ਚੋਟੀਆਂ ਤੇ ਬੈਠਾ ਮਨੁਖ, ਦਫ਼ਤਰਾਂ ਵਿਚ ਕੰਮ ਕਰ ਰਹੇ ਕਰਮਚਾਰੀ ਟ੍ਰਾਂਜਿਸਟਰ, ਖੇਤ ਦੇ ਕੰਢੇ ਤੇ ਰਖ ਕੇ, ਰਿਕਸ਼ਾ-ਚਾਲਕ ਬਗਲ ਵਿਚ ਲਟਕਾਈ, ਦੁਕਾਨਾਂ ਤੇ ਬੈਠੇ ਨੌਜਵਾਨ ਗੰਦੇ ਫ਼ਾਸ਼ ਗੀਤ ਸੁਣ ਰਹੇ ਹਨ। ਦੂਰ-ਦਰਸ਼ਨ ਘਰ ਘਰ ਲਗੇ ਹੋਏ ਵੇਖਦੇ ਹਾਂ।

ਇਨ੍ਹਾਂ ਆਧੁਨਿਕ ਕਾਢਾਂ ਨੇ ਅੱਜ ਦੇ ਨੌਜਵਾਨ ਬੱਚੇ ਬੱਚੀਆਂ ਦਾ ਆਚਰਨ ਵਿਗਾੜਿਆ ਹੈ। ਦੇਸ਼ ਵਿਚ ਫੈਸ਼ਨ-ਪ੍ਰਸਤੀ ਤੇ ਇਆਸ਼ੀ ਨੂੰ ਵਧਾਇਆ ਹੈ। ਗ਼ੈਰ-ਕੌਮ ਅੰਗਰੇਜ਼ ਦੇ ਰਾਜ ਵਿਚ ਵੀ ਸਾਡੇ ਦੇਸ਼ ਦਾ ਆਚਰਨ ਇੰਨਾ ਨਹੀਂ ਸੀ ਵਿਗੜਿਆ ਜਿੰਨਾ ਅੱਜ (੪੩-੪੪ ਸਾਲਾਂ ਵਿਚ) ਸਾਡੀ ਆਪਣੀ ਸਰਕਾਰ ਨੇ ਵਿਗਾੜਿਆ ਹੈ। ਅੱਜ ਦੇ ਨੌਜਵਾਨ ਲੜਕੇ ਲੜਕੀਆਂ ਫੈਸ਼ਨਪ੍ਰਸਤੀ ਵਲ ਦਿਨੋ ਦਿਨ ਵਧਦੇ ਜਾ ਰਹੇ ਹਨ। ਨੌਜਵਾਨ ਲੜਕੀਆਂ ਦਾ ਪਤਾ ਹੀ ਨਹੀਂ ਲਗਦਾ ਕਿ ਲੜਕਾ ਹੈ ਜਾਂ ਲੜਕੀ। ਧਰਮ ਜਾਂ ਇਨਸ਼ਾਨੀਅਤ ਤਾਂ ਦੂਰ ਦੀ ਗੱਲ ਹੈ, ਉਹ ਮਨੁਖ ਹੀ ਨਹੀਂ ਰਹੇ। ਜਿਸ ਵੇਲੇ ਵੇਖੋ ਫਿਲਮਾਂ ਦੇ ਗੰਦੇ ਗੀਤ, ਜੋ ਉਹਨਾਂ ਨੇ ਰਟੇ ਹੋਏ ਹਨ, ਗੁਣ-ਗੁਣਾਂਦੇ ਰਹਿੰਦੇ ਹਨ। ਅਗੇ ਤਾਂ ਕੇਵਲ ਸਿਨੇਮਾ-ਘਰਾਂ ਵਿਚ ਹੀ ਜਾ ਕੇ ਇਹ ਪ੍ਰਭਾਵ ਲਿਆ ਜਾਂਦਾ ਸੀ, **ਪਰ ਹੁਣ ਇਹ ਗੰਦ ਘਰ ਘਰ ਪਹੁੰਚ ਰਿਹਾ ਹੈ।**

ਪਿਛੇ ਜਿਹੇ ਗੁਰਪੁਰਬ ਦੇ ਸਮਾਗਮ ਵਿਚ ਇਕ ਸਿਖ ਵਿਦਵਾਨ ਨੇ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਰੋਜ਼ਾਨਾ ਸ਼ਾਮ ਨੂੰ ਪੰਦਰ੍ਹਾਂ ਵੀਹ ਮਿੰਟ ਆਪਣੇ ਬੱਚਿਆਂ ਨੂੰ ਬਿਠਾ ਕੇ ਗੁਰਬਾਣੀ ਤੇ ਸਿਖ ਇਤਿਹਾਸ ਦੀ ਜਾਣਕਾਰੀ ਦੇਣ। ਪੁਰਾਤਨ ਸਮੇਂ ਸਿੱਖਾਂ ਦੇ ਘਰਾਂ ਵਿਚ ਸੰਧਿਆ ਵੇਲੇ ਰਹਿਰਾਸ ਦਾ ਪਾਠ ਤੇ ਕੀਰਤਨ ਸੁਣਾਈ ਦੇਂਦਾ ਸੀ, ਗੁਰਦਵਾਰਿਆਂ ਵਿਚ ਰਹਿਰਾਸ ਦੇ ਦੀਵਾਨ ਸਜਦੇ ਸਨ, ਪਰ ਅੱਜ ਕੀ ਵੇਖਦੇ ਹਾਂ ਕਿ ਚੰਗੇ ਚੰਗੇ ਘਰਾਂ ਵਿਚ, ਗੁਰਸਿਖ ਪਰਵਾਰਾਂ ਵਿਚ ਰਹਿਰਾਸ ਦੇ ਸਮੇਂ ਟੈਲੀਵੀਜ਼ਨ ਚਾਲੂ ਹੋ ਜਾਣ ਕਰਕੇ ਬੱਚੇ ਬੱਚੀਆਂ, ਨੌਜਵਾਨ ਅਤੇ ਬਿਰਧ ਮਰਦ ਇਸਤ੍ਰੀਆਂ ਵੀ ਇਹ ਲਚਰ ਗਾਣੇ ਤੇ ਨਾਚ, ਲੋਕਾਂ ਦੇ ਹਾਵ ਭਾਵ ਅੱਖਾਂ ਨਾਲ ਦੇਖਦੇ ਅਤੇ ਕੰਨਾਂ ਨਾਲ ਸੁਣਦੇ ਹਨ। ਜਦੋਂ ਟੈਲੀਵੀਜ਼ਨ ਤੇ ਕੋਈ ਮਸ਼ਹੂਰ ਫਿਲਮ ਆ ਜਾਏ ਤਾਂ ਸਵੇਰੇ ਗੁਰਦੁਆਰਿਆਂ ਵਿਚ ਵੀ ਰੌਣਕ ਘਟ ਹੁੰਦੀ ਹੈ, ਕਿਉਂਕਿ ਸਿਆਣੀ ਉਮਰ ਦੇ ਮਰਦ ਇਸਤ੍ਰੀਆਂ ਵੀ ਦੂਰ-ਦਰਸ਼ਨ ਦੇ ਸਾਹਮਣੇ ਲਗੇ ਦੀਵਾਨ ਵਿਚ ਹਾਜ਼ਰ ਹੁੰਦੇ ਹਨ। ਰਾਤ ਨੂੰ ਦੇਰ ਨਾਲ ਬਿਸਰਾਮ ਕਰਦੇ,



www.AKJ.Org

ਸਵੇਰੇ ਵਕਤ ਸਿਰ ਉਠ ਨਹੀਂ ਸਕਦੇ। ਇਸ ਲਈ ਗਰਦੁਆਰਾ ਗੁਰਬਾਣੀ ਸਭ ਕੁਝ ਖੁੰਝ ਜਾਂਦਾ ਹੈ।

ਟੈਲੀਵੀਜ਼ਨ ਤੇ ਰੇਡੀਓ ਦੀ ਕਾਢ ਨੇ ਜਿਥੇ ਦੇਸ਼-ਵਾਸੀਆਂ ਨੂੰ ਸ਼ੁਭ ਗੁਣ ਸਿਖਾਣੇ ਸਨ ਕਿਉਂਕਿ ਇਨ੍ਹਾਂ ਚੀਜ਼ਾਂ ਰਾਹੀਂ ਦੇਸ਼-ਵਾਸੀਆਂ ਦਾ ਚੰਗਾ ਇਖ਼ਲਾਕ ਬਣਾਇਆ ਜਾ ਸਕਦਾ ਹੈ, ਉਥੇ ਬਹੁਤ-ਕੁਝ ਵਿਗਾੜਿਆ ਹੈ। ਗੁਰਬਾਣੀ ਦੇ ਇਸ ਵਾਕ ਅਨੁਸਾਰ–

ਫਰੀਦਾ ਏ ਵਿਸੁ ਗੰਦਲਾਂ ਧਰੀਆਂ ਖੰਡੁ ਲਿਵਾੜਿ ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥

ਵਾਲੀ ਦਸ਼ਾ ਵਰਤ ਰਹੀ ਹੈ। ਰੇਡੀਓ ਤੇ ਦੂਰ-ਦਰਸ਼ਨ ਤੋਂ ਗੁਰਬਾਣੀ ਦੇ ਕੀਰਤਨ ਦੇ ਨਾਲ ਅਸ਼ਲੀਲ ਗਾਣੇ ਨਾਚ ਮੁਜਰੇ ਵਿਖਾ ਕੇ ਨਵੀਂ ਪਨੀਰੀ ਨੂੰ ਕੁਰਾਹੇ ਪਾਇਆ ਜਾ ਰਿਹਾ ਹੈ। ਵਾਹਿਗੁਰੂ ਮੇਹਰ ਕਰੇ, ਭਾਰਤ ਸਰਕਾਰ ਦੇ ਕਰਮਚਾਰੀਆਂ ਨੂੰ ਸੁਮੱਤੇ ਲਾਵੇ।

---

[ਸਫ਼ਾ ੩੮ ਦੀ ਬਾਕੀ]

(੩੧) ਲੋੜਵੰਦ ਗੁਰਸਿਖਾਂ ਦੀ ਅੰਨ, ਜਲ, ਵਸਤਰ ਦੀ ਸੇਵਾ ਕਰਨੀ ਹਰ ਇਕ ਗੁਰਸਿਖ ਦਾ ਫ਼ਰਜ਼ ਹੈ। ਸਤਿਗੁਰੂ ਜੀ ਦੇ ਦਰਬਾਰ ਪਖੇ ਦੀ, ਝਾੜੂ ਦੀ ਸੇਵਾ ਕਰਨੀ, ਲੰਗਰ ਤਿਆਰ ਕਰਾਣਾ, ਵਰਤਾਣਾ, ਜਲ ਦੀ ਸੇਵਾ ਕਰਨੀ, ਬਰਤਨ ਸਾਫ ਕਰਨੇ, ਜੋੜੇ ਝਾੜਨੇ, ਇਸ ਤਰ੍ਹਾਂ ਦੀ ਸੇਵਾ ਨਾਲ ਮਨ ਵਿਚ ਨਿਮਰਤਾ ਆਉਂਦੀ ਹੈ, ਪ੍ਰਮੇਸ਼ਰ-ਪਿਆਰ ਪੈਦਾ ਹੁੰਦਾ ਹੈ।

(੩੨) ਗੁਰਸਿਖ ਵੀਰਾਂ ਤੇ ਭੈਣਾਂ ਨੂੰ ਚਾਹੀਦਾ ਹੈ ਕਿ ਪੱਛਮੀ ਦੇਸ਼ਾਂ ਦੀ ਨਕਲ ਕਰਕੇ ਜਨਮ ਦਿਨ ਘਰਾਂ ਵਿਚ ਜਾਂ ਹੋਟਲਾਂ ਵਿਚ ਮਨਾਣੇ ਮਨਮਤ ਹੈ।

(੩੩) ਪ੍ਰਮੇਸ਼ਰ ਨਾਲੋਂ ਵਿਛੜਿਆਂ ਨੂੰ ਪ੍ਰਮੇਸ਼ਰ ਨਾਲ ਜੋੜਨਾ ਸਭ ਤੋਂ ਉੱਤਮ ਤੇ ਸ੍ਰੇਸ਼ਟ ਕਿਰਿਆ ਹੈ।

[ਵਲੋਂ – ਮਾਨਵ ਸੇਵਾ ਟ੍ਰਸਟ, (ਰਜਿ:) 99, ਮਾਡਲ ਟਾਊਨ, ਹੁਸ਼ਿਆਰਪੁਰ

---

# ਰਿਸ਼ਤੇ ਨਾਤੇ

ਫ਼ਾਰਮ ਨੰ: 412 26 ਸਾਲਾ ਸਿੰਘ, ਕੱਦ 5'-8'', ਬੀ.ਏ., ਇੰਜੀਨੀਅਰਿੰਗ ਡਿਗਰੀ, ਪਕੇ ਤੌਰ ਤੇ ਕੈਨੇਡਾ ਵਾਸੀ, ਨਿਤਨੇਮੀ, ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ, 413—ਸਾਢੇ 23 ਸਾਲਾ ਬੀਬੀ, ਕੱਦ 5'-3'', ਬੀ.ਕਾਮ, ਨਿਤਨੇਮੀ, ਕੀਰਤਨੀ, ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: 414 23 ਸਾਲਾ, ਬੀ. ਐਸ ਸੀ. ਬੀ-ਐਡ ਸਿੰਘ, ਕੱਦ 5'-8'' ਸਕੂਲ ਟੀਚਰ, ਲਈ ਜ਼ਿਮੀਦਾਰ ਪ੍ਰਵਾਰ ਦੀ ਵਿਦੇਸ਼ ਵਿਚ ਰਹਿੰਦੀ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: 415— 24 ਸਾਲਾ ਦਸਵੀਂ ਪਾਸ ਸਿੰਘ, ਕੱਦ 5'-7'' ਕੀਰਤਨੀ, ਅਖੰਡਪਾਠੀ, ਕੈਨੇਡਾ ਵਾਸੀ, ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ: 416—27 ਸਾਲਾ ਬੀਬੀ, ਕੱਦ 5'-3'' ਨਿਤਨੇਮੀ, ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: 41/—25 ਸਾਲਾ, ਹਾਇਰ ਸੈਕੰਡਰੀ ਪਾਸ ਸਿੰਘ, ਕੱਦ 5'-4'', ਕੈਮਿਸਟ ਦੀ ਦੁਕਾਨ, ਲਈ ਫ਼ਾਰਮੈਸਿਸਟ ਦੀ ਯੋਗਤਾ ਵਾਲੀ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: 418— ਸਾਢੇ 19 ਸਾਲਾ ਅਠਵੀਂ ਪਾਸ ਸਿੰਘ, ਸਾਈਕਲਾਂ ਦੀ ਥੋਕ ਦੁਕਾਨ, ਬਾਣੀ ਕੋਈ ਕੰਠ ਨਹੀਂ, ਲਈ ਦਸਵੀਂ ਪਾਸ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: 419—25 ਸਾਲਾ ਬੀ.ਏ. ਕਰ ਰਹੀ ਬੀਬੀ, ਨਿਤਨੇਮੀ, ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: 420 25 ਸਾਲਾ ਬੀ.ਐਸ.ਸੀ. ਤੇ ਅਸਟ੍ਰੇਲੀਆ ਤੋਂ ਕੰਪੀਊਟਰ ਡਿਗਰੀ, ਕੀਰਤਨੀ ਸਿੰਘ, ਨਿਤਨੇਮੀ, ਜੋ ਅਸਟ੍ਰੇਲੀਆ ਵਿਚ ਕੰਮ ਕਰੇਗਾ, ਲਈ ਪੜ੍ਹੀ ਲਿਖੀ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: 421— 27 ਸਾਲਾ ਐਮ.ਬੀ.ਬੀ.ਐਸ. ਡਾਕਟਰ ਸਿੰਘ, ਜਿਸ ਨੇ ਐਮ.ਡੀ. ਦਾ ਇਮਤਿਹਾਨ ਆਸਟ੍ਰੇਲੀਆ ਵਿਚ ਦਿੱਤਾ ਹੈ ਤੇ ਉਥੇ ਹੀ ਪ੍ਰੈਕਟਿਸ ਕਰੇਗਾ, ਲਈ ਅੰਮ੍ਰਿਤਧਾਰੀ ਡਾਕਟਰ ਬੀਬੀ ਦੇ ਰਿਸ਼ਤੇ ਦੀ ਲੋੜ।


www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਸ: ਦੁਰਲਭ ਸਿੰਘ ਨਰਿੰਦਰਜੀਤ ਸਿੰਘ ਅੰਬਾਲਾ ਕੈਂਟ (ਪੋਤਰੇ ਦੀ ਦਸਤਾਰ ਬੰਦੀ ਦੀ ਖੁਸ਼ੀ ਵਿਚ) | ੧੦੧-੦੦ |
| ਭਾਈ ਸਵਰਨ ਸਿੰਘ ਜੀ ਚੰਡੀਗੜ੍ਹ | ੧੦੧-੦੦ |
| ਸੀ. ਪੀ. ਐਲ ਕੁਲਦੀਪ ਸਿੰਘ ਜਲਾਹਲੀ ਵੈਸਟ | ੫੦੦-੦੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਸ: ਨਾਹਰ ਸਿੰਘ ਉਪੋਕੀ | ੮੦੦-੦੦ |
| ਸ: ਲਛਮਣ ਸਿੰਘ ਕੱਕਰੀ ਫੂਲਾ ਸਿੰਘ | ੫੦-੦੦ |
| ਸ: ਕਰਤਾਰ ਸਿੰਘ ਨਵੀਂ ਦਿਲੀ | ੬੧-੦੦ |
| ਗੁਪਤ ਸੇਵਾ | ੨੦੦-੦੦ |
| ਸਾਧ ਸੰਗਤ ਕਰਾਉਲੀ ਯੂ.ਕੇ. | ੨੨੫੮-੦੦ |
| ਸ: ਰਵਿੰਦਰ ਸਿੰਘ ਬਰੈਡਫੋਰਡ ਯੂ.ਕੇ. | ੧੭੭੨-੦੦ |
| ਬੀਬੀ ਮਹਿੰਦਰ ਕੌਰ ਚੈਥਮ ਕੈਂਟ | ੧੦੪੨੫-੦੦ |
| ਭਾ: ਜਸਵੰਤ ਸਿੰਘ ਬੀਬੀ ਸਤਨਾਮ ਕੌਰ ਸਲੋਅ | ੫੨੧-੦੦ |
| ਭਾ: ਬੂਟਾ ਸਿੰਘ ਬੀਬੀ ਅਵਤਾਰ ਕੌਰ ਬਰਮਿੰਘਮ | ੧੭੩੮-੦੦ |
| ਭਾ: ਓਂਕਾਰ ਸਿੰਘ ਲਸਿਸਟਰ ਯੂ.ਕੇ. | ੩੪੭੫-੦੦ |
| ਬੀ: ਪ੍ਰਕਾਰ ਕੌਰ ਹਡਰਜ਼ਫੀਲਡ ਯੂ.ਕੇ. | ੩੫੬-੦੦ |
| ਭਾਈ ਜਸਮੇਲ ਸਿੰਘ ਸਲੋਅ ਯੂ.ਕੇ. | ੭੩੦੦-੦੦ |
| ਸਾਧ ਸੰਗਤ ਗਲਾਸਗੋ ਯੂ.ਕੇ. (ਕੀਰਤਨ ਭੇਟ) | ੧੧੯੦-੦੦ |
| ਸ: ਸੁਚਾ ਸਿੰਘ ਲਸਿਸਟਰ ਯੂ.ਕੇ. | ੬੯੦-੦੦ |
| ਸ: ਗੁਰਦੇਵ ਸਿੰਘ ਬੜਿੰਗ ਲਸਿਸਟਰ | ੩੪੯੦-੦੦ |
| ਸ: ਮਹਿੰਦਰਸਿੰਘ ਬੈਂਸ,ਆਤਮਾਸਿੰਘਬਰਾੜ ਸਲੋਅ | ੬੧੩-੦੦ |
| ਸ: ਜਸਬੀਰ ਸਿੰਘ ਗਿਲ ਮੇਡਨਹੈਡ ਯੂ,ਕੇ. | ੧੪੮੫-੦੦ |
| ਸ: ਸੋਹਣ ਸਿੰਘ ਬੀ: ਜਗਦੀਸ਼ ਕੌਰ ਸਵਿੰਡਨ | ੧੨੦੭-੦੦ |
| ਸ: ਕਰਮ ਸਿੰਘ ਗਿਲ ਕੱਵੈਂਟਰੀ ਯੂ.ਕੇ. | ੧੫੫੫-੦੦ |
| ਬੀ: ਦਰਸ਼ਨ ਕੌਰ ਸਲੋਅ ਯੂ.ਕੇ. | ੩੫੦-੦੦ |
| ਸ: ਜਸਵੰਤ ਸਿੰਘ ਬੀਬੀ ਸਤਨਾਮ ਕੌਰ ਸਲੋਅ | ੧੭੭੨-੦੦ |
| ਗੁਪਤ ਸੇਵਾ | ੫੦੦-੦੦ |
| ਸ: ਬਖਸ਼ੀਸ਼ ਸਿੰਘ ਰੁਦਰਪੁਰ | ੧੦੦-੦੦ |
| ਭਾਈ ਜੀਵਨ ਸਿੰਘ ਕੀਰਤਨੀ ਏ | ੧੦,੦੦੦-੦੦ |
| ਗੁਪਤ ਸੇਵਾ | ੧੧-੦੦ |
| ਗੁਪਤ ਸੇਵਾ | ੧੦੦-੦੦ |
| ਸ: ਪ੍ਰਿਤਪਾਲ ਸਿੰਘ ਆਦਮਪੁਰ | ੫੨-੦੦ |
| ਸ: ਹਰਜਿੰਦਰ ਸਿੰਘ ਅੰਬਾਲਾ | ੩੦੦-੦੦ |
| ਸ: ਪਰਮਜੀਤ ਸਿੰਘ ਹੁਸ਼ਿਆਰਪੁਰ | ੫੧-੦੦ |
| ਗੁਪਤ ਸੇਵਾ | ੨੦੦-੦੦ |
| ਬੀਬੀ ਕੁਲਦੀਪ ਕੌਰ ਮੁਹਾਲੀ | ੫੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਜਸਬੀਰ ਕੌਰ ਪਤਨੀ ਸ਼ਹੀਦ ਸਵਰਨ ਸਿੰਘ, ਕਮਾਲ ਪੁਰਾ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਕੁਲਦੀਪ ਕੌਰ ਪਤਨੀ ਭਾ: ਸੁਰਜਨ ਸਿੰਘ, ਤਿਬੜ—ਭਾਈ ਸ਼ਹੀਦ, ਪਤੀ ਲਾ-ਪਤਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਮਨਜਿੰਦਰ ਕੌਰ ਪਤਨੀ ਸ਼ਹੀਦ ਗੁਰਮੇਜ ਸਿੰਘ, ਸਿਧਵਾਂ ਡੋਨਾ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੧੦,੦੦੦-੦੦ |
| ਬੀ: ਬਲਬੀਰ ਕੌਰ ਮਾਤਾ ਸ਼ਹੀਦ ਕੇਹਰ ਸਿੰਘ, ਨੌਸ਼ਹਿਰਾ ਮੱਝਾ ਸਿੰਘ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਨਿਰਪ੍ਰੀਤ ਕੌਰ ਪਤਨੀ ਸ਼ਹੀਦ ਰੋਸ਼ਨ ਸਿੰਘ ਬੈਰਾਗੀ, ਘੱੜੇਵਾਹ—ਪਤੀ ਸ਼ਹੀਦ, ਸਿਹਤ ਖਰਾਬ, ਇਲਾਜ ਲਈ | ੧੦੦੦-੦੦ |
| ਬੀ: ਮਨਜੀਤ ਕੌਰ ਪਤਨੀ ਭਾ: ਅਮਰਜੀਤ ਸਿੰਘ, ਅੰਮ੍ਰਿਤਸਰ—ਪੇਟ ਵਿਚੋਂ ਪਥਰੀ ਦੇ ਉਪਰੇਸ਼ਨ ਲਈ | ੫੦੦੦-੦੦ |
| ਬੀ: ਜਸਬੀਰ ਕੌਰ ਮਾਤਾ ਸ਼ਹੀਦ ਤ੍ਰਲੋਕ ਸਿੰਘ, ਖੁਜਾਲਾ ਗੁਰਦਾਸਪੁਰ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਮਨਜੀਤ ਕੌਰ ਮਾਤਾ ਸ਼ਹੀਦ ਅਮਰਜੀਤ ਸਿੰਘ, ਦੁਨੀਆ ਸੰਧੂ, ਗੁਰਦਾਸਪੁਰ—ਪੁਤਰ ਸ਼ਹੀਦ ,, ,, | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਵਰਿਆਮ ਸਿੰਘ, ਕੱਟਾ | ੫੦-੦੦ |
| ਸ: ਪ੍ਰਤਾਪ ਸਿੰਘ, ਮੋਹਾਲੀ, (ਚੜ੍ਹਾਵਾ ਸਮਾਗਮ) | ੩੩੨-੦੦ |
| ਸ: ਇਕਬਾਲ ਸਿੰਘ ਸਾਰਾ ਵੈਨਕੂਵਰ | ੮੯੦-੦੦ |
| ਗੁਪਤ ਦਾਨ ਰਾਹੀਂ ਭਾ: ਹਰਦਿਤ ਸਿੰਘ ਦਿਲੀ | ੩੦੦-੦੦ |
| ਭਾਈ ਹਰਕੇਵਲ ਸਿੰਘ, ਨੰਗਲ ਕਰਾਰਾ ਖਾਂ | ੨੧-੦੦ |
| ਸ: ਰੇਸ਼ਮ ਸਿੰਘ ਬੁਲੋਵਾਲ | ੧੦੦-੦੦ |
| ਸ: ਨਰਿੰਦਰ ਸਿੰਘ, ਮੋਹਾਲੀ | ੧੦੦-੦੦ |
| ਭਾਈ ਜਸਬੀਰ ਸਿੰਘ, ਅੰਮ੍ਰਿਤਸਰ | ੧੦-੦੦ |
| ਗੁਪਤ ਦਾਸ—ਕੈਲੇਫੋਰਨੀਆ | ੨੦੦੦-੦੦ |
| ਸ: ਬਲਜਿੰਦਰ ਸਿੰਘ, ਸਵਿੰਡਨ ਯੂ.ਕੇ | ੨੦੦-੦੦ |
| ਸ: ਰਣਜੀਤ ਸਿੰਘ ਸੰਧੂ, ਗਵਾਲੀਅਰ | ੧੦-੦੦ |
| ਸ: ਸੁਰਿੰਦਰ ਸਿੰਘ, ਲੁਧਿਆਣਾ | ੩੫-੦੦ |
| ਬੀਬੀ ਮਨਿੰਦਰ ਕੌਰ, ਵੈਰੋਵਾਲ – ਭਾਈ ਸੁਲੱਖਣ ਸਿੰਘ ਦੀ ਯਾਦ ਵਿਚ ਸਮਾਗਮ ਦਾ ਚੜ੍ਹਾਵਾ | ੪੨੨-੦੦ |
| ਸ: ਪ੍ਰੀਤਮ ਸਿੰਘ ਸਲੂਜਾ, ਅਕੋਲਾ –ਪਤਨੀ ਅਜੀਤ ਕੌਰ ਦੀ ਆਤਮਕ ਸ਼ਾਂਤੀ ਲਈ | ੩੧-੦੦ |
| ਭਾਈ ਸੰਤ ਸਿੰਘ ਤ੍ਰਿਲੋਕ ਸਿੰਘ, ਜਲੰਧਰ—ਮਾਤਾ ਜੀ ਦੀ ਯਾਦ ਵਿਚ ਸਮਾਗਮ ਦਾ ਚੜ੍ਹਾਵਾ | ੧੪੦-੦੦ |

www.AKJ.Org

## ਭਾਈ ਮਹਿੰਦਰ ਸਿੰਘ ਜੀ ਨਵੀਂ ਦਿਲੀ ਵਿਛੋੜਾ ਦੇ ਗਏ



ਦਿਲੀ ਅਖੰਡ ਕੀਰਤਨੀ ਜਥੇ ਦੇ ਸਿੰਘ, ਭਾਈ ਮਹਿੰਦਰ ਸਿੰਘ ਜੀ, ਕਾਲਕਾ-ਜੀ ਨਵੀਂ ਦਿਲੀ ਵਾਲੇ ਆਪਣੀ ਸੰਸਾਰ ਯਾਤਰਾ ਸੰਪੂਰਨ ਕਰ ਕੇ 20 ਮਈ 1991 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਵਿਛੜੀ ਆਤਮਾ ਦੀ ਕਲਿਆਣ ਲਈ ਜਥੇ ਦੇ ਕੀਰਤਨੀ ਸਿੰਘਾਂ ਨੇ 28.5.91 ਨੂੰ ਗੁਰਬਾਣੀ ਦਾ ਨਿਰਬਾਣ ਕੀਰਤਨ ਕੀਤਾ ਤੇ ਵਾਹਿਗੁਰੂ ਦੇ ਚਰਨਾਂ ਵਿਚ ਸੰਸਾਰਕ ਭੁਲਾਂ ਲਈ ਖਿਮਾ ਦੀ ਜਾਚਨਾ ਕੀਤੀ ਅਤੇ ਗੁਰੂ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ਣ ਲਈ ਅਰਦਾਸ ਕੀਤੀ ਗਈ। ਭਾਈ ਮਹਿੰਦਰ ਸਿਘ ਜੀ ਬੜੇ ਸਮੇਂ ਤੋਂ ਕੀਰਤਨ ਸਮਾਗਮਾਂ ਵਿਚ ਨਿਰਮਾਣਤਾ ਸਹਿਤ ਨਿਰੰਤਰ ਹਾਜ਼ਰੀਆਂ ਭਰ ਕੇ ਹਰਿ ਜਸ ਦੇ ਲਾਹੇ ਖਟਦੇ ਰਹੇ ਹਨ।

---

ਅੰਬਾਲਾ ਛਾਉਣੀ ਵਿਖੇ ਸਲਾਨਾ **ਅਖੰਡ ਕੀਰਤਨ** ਸਮਾਗਮ 15 ਤੋਂ 18 ਅਗਸਤ, ਵੇਰਵਾ ਅਗਸਤ 'ਚ

ਪ੍ਰਕਾਸ਼ ਉਤਸ਼ਵ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਲਾਨਾ ਸਮਾਗਮ ਚੰਡੀਗੜ੍ਹ 5 ਤੋਂ 8 ਸਤੰਬਰ

ਮੋਹਾਲੀ ਸ: ਹਰਮਿੰਦਰ ਸਿੰਘ ਮੰਨਟਰੀਅਲ, ਕੋਠੀ ਨੰ: 2012, ਫ਼ੇਜ਼ *X*, ਰੈਣ ਸਬਾਈ 13.7.91

ਡਾਕਟਰ ਸੁਰਿੰਦਰ ਸਿੰਘ ਜੀ ਦੀ ਪਿਆਰੀ ਯਾਦ ਵਿਚ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਕੀਰਤਨ
14.7.91 ਐਤਵਾਰ ਸਵੇਰੇ 6 ਤੋਂ 11 ਗੁਰਦੁਆਰਾ ਅਜੀਤ ਨਗਰ, ਅੰਮ੍ਰਿਤਸਰ ਵਿਖੇ

ਮਾਸਕ ਰੈਣ ਸਬਾਈ ਗੁਰਦਵਾਰਾ ਲੇਬਰ ਕਾਲੋਨੀ (ਕੈਂਪਾ ਕੋਲ ਚੌਕ) ਲੁਧਿਆਣਾ 13.7.91

ਪਿੰਡ ਮਰਾੜ ਕਲਾਂ (ਫਰੀਦਕੋਟ) 3.8.91 ਰੈਣ ਸਬਾਈ (ਸਰਾਏ ਨਾਂਗਾ 3 ਕਿਲੋ ਮੀਟਰ)

ਮਲ੍ਹੀਆਂ (ਜੰਡਿਆਲਾ ਗੁਰੂ) ਗ੍ਰਿਹ ਭਾਈ ਦਇਆ ਸਿੰਘ, ਭੋਗ ਅਖੰਡਪਾਠ ਤੇ ਕੀਰਤਨ 7.7.91

ਵੈਰੋਵਾਲ (ਅੰਮ੍ਰਿਤਸਰ) ਗ੍ਰਿਹ ਗਿ: ਤੇਜਾ ਸਿੰਘ ਭੋਗ ਅਖੰਡਪਾਠ ਤੇ ਕੀਰਤਨ 14.7.91
14 ਜੁਲਾਈ ਸਵੇਰੇ ਸਾਢੇ ਪੰਜ ਵਜੇ ਅੰਮ੍ਰਿਤਸਰ ਤੋਂ ਬਸ ਚਲੇਗੀ —ਦਾਸ ਬਲਦੇਵ ਸਿੰਘ ਮਾਸਟਰ

ਗੁ: ਬੇਰ ਸਾਹਿਬ ਬੋਪਾਰਾਇ (ਅੰਮ੍ਰਿਤਸਰ–ਮਹਿਤਾ ਰੋਡ) ਰੈਣ ਸਬਾਈ 20.7.91
ਅੰਮ੍ਰਿਤਸਰ ਤੋਂ ਸ਼ਾਮ 6–30 ਵਜੇ ਬਸ ਚਲੇਗੀ

ਮੋਹਾਲੀ, ਸ: ਗੁਰਦੀਪ ਸਿੰਘ ਗ੍ਰਿਹ ਨੰ: 393, ਫ਼ੇਜ਼ 3-ਏ, ਰੈਣ ਸਬਾਈ 13.7.91

---

ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਵਲੋਂ ਸੰਗਰਾਂਦ 16.7.91 ਨੂੰ ਅਖੰਡ ਕੀਰਤਨ
ਗੁਰਦੁਆਰਾ ਸਾਹਿਬ ਪਿੰਡ ਮਲ੍ਹੀਆਂ (ਜੰਡਿਆਲਾ ਗੁਰੂ ਤੋਂ ਅਗੇ) ਸਵੇਰੇ 7 ਤੋਂ 12 ਤਕ। ਅਖੰਡ ਕੀਰਤਨ ਵਿਚ ਇਲਾਕਾ ਨਿਵਾਸੀ ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

---

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਦਾ ਪਤਾ (ਫ਼ੋਨ ਪੀ. ਪੀ. 43045)
'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org